# ਲੋਕਤਾ

ਜੁਲਾਈ - 1988

**July - 1988**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

ਇਨਸਾਨੀਅਤ ਸਭਨਾਂ
ਧਰਮਾਂ ਤੋਂ ਉਪਰ ਹੈ
ਇਨਸਾਨ ਬਣੋ

Price 25¢ Out of Greater Vancouver 50¢

ਮਾਸਿਕ

# ਲੋਕਤਾ

# The Lokta

Monthly Magazine

2nd class Mail Reg. No. 6794

Vol. 12 No. 8

ਜੁਲਾਈ July 1988

## UNITY WILL WIN



## Labour unity the *only* reality

(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

LOKTA BOARD

MANAGER
Harkewal S. Dhaliwal 588-4279

PUBLISHER
Piara Singh Basi
588-7573

EDITORIAL BOARD
'Soofi' Amarjit 581-7811
Surinder S. Sangha 588-5217
Mohinder S. Soomel 327-6461
Gurnam Singh Sanghera 325-1662

CIRCULATION
Jaspal S. Sandhu 596-6984

ADVERTISEMENT
Amarjit Chatha 325-8006

The
# Lokta
P.O.BOX 67534 STN. 'O'
VANCOUVER, B.C. V5W 3T9

Monthly Magazine — 2nd class Mail Reg. No. 6794

ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ - 25 ਸੈਂਟ

LOKTA REPRESENTATIVE

Ranjit S. Sandhu Williams Lake (392-7405)
Surinder S. Johal Edmonton (461-6073)
Nirmal S. Dhindsa Brampton (453-8149)
Lehamber S. Pooni Toronto (671-2296)
Rajinder S. Dhaliwal Winnipeg (633-5229)
Hardev S. Rai Calgary (293-3467
Hakam S. Hans Prince Rupert (624-3284
Surjit S. Bopanrai Quesnel (992-3849)

## ਕੀ ਕਿੱਥੇ ਹੈ ?


- ਸੰਪਾਦਕੀ — 3
- ਸ਼੍ਰੋਮਣੀ ਗੁਰਦੁਆਰਾ ਕਮੇਟੀ ਮੈਂਬਰਾਂ ਦੇ ਨਾਂ ਖੁਲੀ ਚਿੱਠੀ — 6
- ਕੇਂਦਰ ਪੰਜਾਬ ਸਮੱਸਿਆ ਦਾ ਹੱਲ — 8
- ਧਾਰਮਿਕ ਸਥਾਨਾਂ ਦੀ ਅਯੋਗ ਵਰਤੋਂ — 10
- ਕਾਲੀ ਗਰਜ ਨੇ ਕਾਲੇ ਕਾਰੇ ਨੰਗੇ ਕੀਤੇ — 11
- ਬਾਹਰਲੇ ਦੇਸ਼ਾਂ 'ਚ ਅਮਰੀਕੀ ਦਖਲ — 12
- ਕਵਿਤਾ — 13
- ਮਾਸਕੋ ਸਿਖਰ ਸੰਮੇਲਨ — 14
- ਕਵਿਤਾਵਾਂ — 16-17
- ਕਹਾਣੀ — 18
- ਈ: ਵ: ਐਸ: ਦੀ ਰੀਪੋਰਟ — 23
- ਖਤ ਪ੍ਰਧਾਨ ਮੰਤਰੀ ਦੇ ਨਾਂ — 25
- ਇਕ ਰੀਪੋਰਟ — 25
- ਗ਼ਜ਼ਲ — 27
- ਅਮਰੀਕਾ ਕੈਨੇਡਾ ਫਰੀ ਟਰੇਡ — 28
- ਹਾਲਾਤ ਅਤਿਵਾਦੀਆਂ ਦੇ ਨਿਖੇੜੇ ਵੱਲ — 30
- ਵਿਲੀਅਮਜ਼ਲੇਕ ਤੋਂ ਸਹਾਇਤਾ — 31


## ਵਿਸ਼ੇਸ਼

ਕਾਮਰੇਡ ਸੁਰਜੀਤ ਦੀ ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਨਾਂ ਖੁਲ੍ਹੀ ਚਿੱਠੀ ਸਫਾ — 6 ਉਪਰ ਪੜ੍ਹੋ

## ਸੂਚਨਾ

ਅਸੀਂ ਲੋਕਤਾ ਦੇ ਪਾਠਕਾਂ ਨੂੰ ਇਹ ਖੁਸ਼ੀ ਭਰੀ ਸੂਚਨਾ ਦੇ ਰਹੇ ਹਾਂ ਕਿ ਸਾਥੀ ਜੀਤ ਸਿੰਘ ਅਣਖੀ ਨੂੰ ਲੋਕਤਾ ਦੇ ਐਡੀਟੋਰੀਅਲ ਬੋਰਡ ਵਿਚ ਲੈ ਲਿਆ ਗਿਆ। ਅਗੋਂ ਤੋਂ ਉਹ ਲੋਕਤਾ ਦੀ ਮੁਖ ਤੌਰ ਉਪਰ ਨਿਗਰਾਨੀ ਕਰਨਗੇ।

— ਲੋਕਤਾ ਬੋਰਡ

ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

# ਮਹਾਨ ਮੰਡੇਲਾ ਜ਼ਿੰਦਾਬਾਦ

ਦੱਖਣੀ ਅਫਰੀਕਾ ਦੇ ਨਸਲੀ ਰਾਜ ਦੇ ਜਬਰ ਹੇਠ ਕੁਚਲ ਹੋ ਰਹੇ ਲੋਕਾਂ ਦੇ ਮਹਾਨ ਆਗੂ ਨੈਲਸਨ ਮੰਡੇਲਾ ਦਾ 70ਵਾਂ ਜਨਮ ਦਿਨ, ਇਸ ਵਾਰ ਸੰਸਾਰ ਪੱਧਰ ਉਪਰ ਨਵੇਕਲੇ ਢੰਗ ਨਾਲ ਮਨਾਇਆ ਜਾ ਰਿਹਾ ਹੈ। ਮਿਸਟਰ ਮੰਡੇਲਾ ਪਿਛਲੇ 26 ਸਾਲਾਂ ਤੋਂ ਨਸਲਵਾਦੀ ਸਰਕਾਰ ਦੀ ਜੇਲ੍ਹ ਵਿਚ ਬੰਦ ਹੈ । ਉਨ੍ਹਾਂ ਦਾ ਕਸੂਰ ਦੱਖਣੀ ਅਫਰੀਕਾ ਵਿਚ ਗੋਰੀ ਨਸਲਵਾਦੀ ਸਰਕਾਰ ਦੀ ਥਾਂ ਉਪਰ, ਲੋਕ ਜਮਹੂਰੀ, ਸਭ ਲਈ ਬਰਾਬਰ ਹੱਕਾਂ ਦੀ ਮਾਨਤਾ ਦੇਣ ਵਾਲੀ ਸਰਕਾਰ ਕਾਇਮ ਕਰਨ ਦੀ ਮਨੁੱਖੀ ਮੰਗ ਮੰਗਣਾ ਹੈ ।

11 ਜੂਨ 1988 ਨੂੰ ਇੰਗਲੈਂਡ ਵਿਚ ਪੱਛਮੀ ਸੰਸਾਰ ਦੇ ਸਿਰ ਕੱਢ ਸੰਗੀਤਕਾਰਾਂ, ਕਲਾਕਾਰਾਂ, ਸਿਨੇਮਾ ਦੇ ਪ੍ਰਸਿੱਧ ਸਿਤਾਰਿਆਂ ਵਲੋਂ ਇਕ 'ਮੁਕਤੀ ਮੇਲੇ' (Freedomfert) ਦਾ ਰਚਾਉਣਾ ਹੈ। ਇਸ ਸੰਸਾਰ ਪੱਧਰ ਦੇ ਸੰਗੀਤ ਪ੍ਰੋਗਰਾਮ ਨੂੰ ਸੈਟ-ਲਾਈਟ ਦੁਆਰਾ ਸੰਸਾਰ ਦੇ ਇਕ ਅਰਬ ਲੋਕਾਂ, ਸਾਢੇ ਪੰਜ ਘੰਟੇ ਦੇਖਿਆ, ਸੁਣਿਆ ਅਤੇ ਮਾਣਿਆ ਹੈ। ਇਹ ਸੰਸਾਰ ਸੰਗੀਤ ਸਭਾ ਵਿਚ ਇੰਗਲੈਂਡ ਅਤੇ ਯੂਰਪ ਦੇ 70 ਹਜ਼ਾਰ ਤੋਂ ਵੱਧ ਲੋਕਾਂ ਦਾ ਨਿੱਜੀ ਤੌਰ ਉਪਰ ਸ਼ਾਮਲ ਹੋਣਾ, ਦੱਖਣੀ ਅਫਰੀਕਾ ਦੇ ਸੰਗਰਾਮੀਆਂ ਦੀ ਇਕ ਮਹਾਨ ਸਦਾਚਾਰਕ ਜਿੱਤ ਹੈ । ਇਸ ਸੰਗੀਤ ਪ੍ਰੋਗਰਾਮ ਨੂੰ 60 ਦੇਸ਼ਾਂ ਦੇ ਲੋਕਾਂ ਦੇਖਿਆ, ਪ੍ਰੰਤੂ ਦੱਖਣੀ ਅਫਰੀਕਾ ਦੀ ਸਰਕਾਰ ਨੇ ਇਹ ਪ੍ਰੋਗਰਾਮ ਦੱਖਣੀ ਅਫਰੀਕਾ ਦੇ ਲੋਕਾਂ ਨੂੰ ਨਾ ਦੇਖਣ ਦਿੱਤਾ ।

ਮਹਾਨ ਨੈਲਸਨ ਮੰਡੇਲਾ ਦੀ ਰਿਹਾਈ ਲਈ ਜਿਵੇਂ ਕਰੋੜਾਂ ਅਰਬਾਂ ਲੋਕ ਮੰਗ ਕਰ ਰਹੇ ਹਨ, ਇਹ ਮਾਨਵਵਾਦੀ ਲਹਿਰ ਦਾ ਇਕ ਸਿਖਰ ਕਿਹਾ ਜਾ ਸਕਦਾ ਹੈ । ਇਥੋਂ 'ਸਭਿਆਚਾਰਕ' ਪਰੋਗਰਾਮ ਦੀ ਬੇਅੰਤ ਸ਼ਕਤੀ ਦਾ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਹ ਕਿਵੇਂ ਸਾਮਰਾਜੀ ਸ਼ਕਤੀ, ਨਸਲਵਾਦੀ ਸ਼ਕਤੀ, ਸੀ. ਆਈ. ਏ. ਵਰਗੀ ਖੁਫੀਆ ਏਜੰਸੀ ਦੀ ਸ਼ਕਤੀ ਤੋਂ ਕਿੰਨੀ ਮਹਾਨ ਹੈ। ਇਹ ਸੰਗੀਤ ਮੇਲਾ, ਸੰਗੀਤ ਦੀ ਸ਼ਕਤੀ ਨਾਲ ਅਮਰੀਕਾ-ਇੰਗਲੈਂਡ ਵਰਗੇ ਸਾਮਰਾਜੀ ਦੇਸ਼ਾਂ ਦੀ ਨੈਤਿਕਤਾ ਨੂੰ ਹਲੂਣਾ ਦਿੰਦਾ ਹੋਇਆ, ਇਹ ਸੁਨੇਹਾ ਦਿੰਦਾ ਹੈ ਕਿ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਨੂੰ ਸਹਾਇਤਾ ਦੇਣਾ ਬੰਦ ਕਰੋ। ਜੇਕਰ ਇਹ ਸਾਮਰਾਜੀ ਦੇਸ਼ ਨਸਲਵਾਦੀ ਸਰਕਾਰ ਨੂੰ ਸਹਾਰਾ ਨਾ ਦੇਣ ਤਾਂ ਉਨ੍ਹਾਂ ਦਾ ਗੈਰ ਮਨੁੱਖੀ ਅਤੇ ਗੈਰ ਜਮਹੂਰੀ ਰਾਜ ਕਦੀ ਟਿਕ ਨਹੀਂ ਸਕਦਾ ।

ਇਥੇ ਅਸੀਂ ਮਲਰੂਨੀ ਸਰਕਾਰ ਦੀ ਇਸ ਨੁਕਤੇ ਉਪਰ ਸ਼ਲਾਘਾ ਕਰਦੇ ਹਾਂ ਕਿ ਉਸ ਨੇ ਨੈਲਸਨ-ਮੰਡੇਲਾ ਦੀ ਰਿਹਾਈ ਲਈ ਸੰਗੀਤ ਮੇਲੇ ਦਾ ਪ੍ਰਬੰਧ ਕਰਨ ਵਾਲਿਆਂ ਅਤੇ ਭਾਗ ਲੈਣ ਵਾਲਿਆਂ ਕਲਾਕਾਰਾਂ ਨੂੰ ਵਧਾਈ ਦੀ ਟੈਲੀਗਰਾਮ ਭੇਜ ਕੇ, ਆਪਣੀ ਨੈਤਿਕ ਸਪੋਰਟ ਦਾ ਮੁਜ਼ਾਹਰਾ ਕੀਤਾ ।

ਸਾਨੂੰ ਵਿਸ਼ਵਾਸ਼ ਹੈ ਕਿ ਸੰਸਾਰ ਲੋਕ ਆਵਾਜ਼ ਮਿ: ਨੈਲਸਨ ਮੰਡੇਲਾ ਦੀ ਰਿਹਾਈ ਅਤੇ ਦੱਖਣੀ ਅਫਰੀਕਾ ਵਿਚੋਂ ਨਸਲਵਾਦੀ ਰਾਜ ਦੇ ਅੰਤ ਤੱਕ ਲਗਾਤਾਰ ਉਚੀ ਹੁੰਦੀ ਰਹੇਗੀ ।

ਅਸੀਂ ਦੱਖਣੀ ਅਫਰੀਕਾ ਅਤੇ ਇਨਸਾਨੀਅਤ ਦੇ ਮਹਾਨ ਯੋਧੇ ਨੈਲਸਨ ਮੰਡੇਲਾ ਦੇ ਸੱਤਰਵੇਂ ਜਨਮ ਦਿਨ ਉਪਰ ਮੁਬਾਰਕਬਾਦ ਪੇਸ਼ ਕਰਦੇ ਹਾਂ । ਅਤੇ ਉਨ੍ਹਾਂ ਦੀ ਜਿੱਤ ਦੀ ਕਾਮਨਾ ਕਰਦੇ ਹਾਂ ।

# ਪੰਜਾਬ ਸਥਿਤੀ ਅਤੇ ਹੱਲ

ਸਾਰੇ ਭਾਰਤ ਦੀ ਆਰਥਕ ਹਾਲਤ ਬੜੀ ਚਿੰਤਾਜਨਕ ਹੈ ਅਤੇ ਕੇਂਦਰੀ ਕਾਂਗਰਸ ਸਰਕਾਰ ਨੇ ਆਪਣੇ ਸੌੜੇ ਸਿਆਸੀ ਹਿਤਾਂ ਨੂੰ ਮੁੱਖ ਰੱਖ ਕੇ ਹੋਰ ਭੀ ਨਾਜ਼ੁਕ ਬਣਾ ਦਿੱਤੀ। ਕਾਂਗਰਸ ਨੇ ਤਰੀਪੁਰਾ ਵਿਚ ਅਤਿਵਾਦੀ ਟੀ. ਐਨ. ਵੀ ਅਤੇ ਬੰਗਾਲ ਵਿਚ ਦੇਸ਼ ਵਿਰੋਧੀ ਗੋਰਖਾਲੈਂਡ ਮੰਗਣ ਵਾਲੇ ਅਨਸਰਾਂ ਤੋਂ ਲੈ ਕੇ ਪੰਜਾਬ ਦੇ ਫਿਰਕੂ ਖਾਲਿਸਤਾਨੀ ਜਨੂੰਨੀਆਂ ਤਕ ਉਕਸਾਉਣ ਅਤੇ ਸਮਝੌਤਾ ਕਰੋ ਨੀਤੀ ਤਕ ਅਪਣਾਈ । ਕੁਝ ਮਹੀਨੇ ਪਹਿਲਾਂ ਖਾਲਿਸਤਾਨ ਦੇ ਸਮਰਥਕ ਜਸਬੀਰ ਸਿੰਘ (ਜਿਸ ਨੂੰ ਖਾਲਿਸਤਾਨੀਆਂ ਨੇ ਅਕਾਲ ਤਖਤ ਦਾ ਜਥੇਦਾਰ ਥਾਪਿਆ ਸੀ ਤੇ ਹੁਣ ਹਟਾ ਦਿਤਾ ਗਿਆ ਹੈ) ਆਦਿ ਨਾਲ ਗੱਲ ਕਰਕੇ ਛੱਡਣਾ, ਇਸ ਤੱਥ ਦਾ ਸੰਕੇਤ ਸੀ ਕਿ ਕਾਂਗਰਸ ਸਰਕਾਰ ਫਿਰਕੂ ਅਤਿਵਾਦੀ ਅਤੇ ਵੱਖਵਾਦੀ ਜਨੂੰਨੀਆਂ ਨਾਲ ਸਮਝੌਤਾ ਕਰਨ ਨੂੰ ਤਿਆਰ ਹੈ ਅਤੇ ਸਿੱਟੇ ਵਜੋਂ ਖਾਲਿਸਤਾਨੀ ਅਨਸਰਾਂ ਦੀ ਹੋਰ ਚੜ੍ਹ ਮੱਚੀ। ਸੈਂਕੜੇ ਹੀ ਨਿਰਦੋਸ਼ ਲੋਕਾਂ ਦੇ ਹੋਰ ਕਤਲ ਹੋਣ ਲੱਗੇ । ਸਗੋਂ ਕਾਂਗਰਸ ਸਰਕਾਰ ਨੇ ਇਹਨਾਂ ਬਦੇਸ਼ੀ ਅਨਸਰਾਂ ਵਿਰੁਧ ਲੋਕ ਮੁਹਿੰਮ ਉਸਾਰਨ ਵਿਚ ਦੇਸ਼ ਭਗਤ, ਲੋਕ ਹਿਤੂ ਖੱਬੇ ਪੱਖੀ ਤੇ ਲੋਕਾਂ ਨੂੰ ਸਰਗਰਮ ਕਰਨ ਵਿਚ ਮੱਦਦ ਕਰਨ ਦੀ ਥਾਂ ਸਗੋਂ ਰੋੜੇ ਅਟਕਾਏ । ਕਾਂਗਰਸ ਸਰਕਾਰ ਦਾ ਪ੍ਰਬੰਧਕੀ ਢੰਗ ਨਾਲ ਪੰਜਾਬ ਸਥਿਤੀ ਨੂੰ ਸੁਧਾਰਨ ਦਾ ਢੰਗ ਸਫਲ ਨਹੀਂ ਹੋ ਸਕਦਾ ਕਿਉਂਕਿ ਇਹ ਮਸਲਾ ਸਿਆਸੀ ਹੈ ਅਤੇ ਸਿਆਸੀ ਢੰਗ ਨਾਲ ਹੱਲ ਹੋਣਾ ਚਾਹੀਦਾ ਹੈ ਅਤੇ ਫਿਰਕੂ ਤੇ ਭਿੰਡਰਾਂਵਾਲਾ ਆਧਾਰ ਖਤਮ ਕਰਨਾ ਜ਼ਰੂਰੀ ਹੈ ।

ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਨਿਪੁੰਸਕ ਹੋ ਗਈ ਅਤੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਤੇ ਹੋਰ ਗੁਰਦੁਆਰੇ ਭੀ ਵਖਵਾਦੀ ਜਨੂੰਨੀਆਂ ਦੇ ਹੱਥ ਵਿਚ ਚਲੇ ਗਏ। ਕਾਤਲਾਂ ਤੇ ਵੱਖਵਾਦੀਆਂ ਦੇ ਅੱਡੇ ਬਣ ਗਏ ਜਿਥੋਂ ਦੇਸ਼ ਵਿਰੋਧੀ ਨਾਪਾਕ ਸਾਜ਼ਸ਼ਾਂ ਘੜੀਆਂ ਜਾਂਦੀਆਂ ਅਤੇ ਨਾਹਰੇ ਲਗਦੇ ਹਨ । ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਤਾਂ ਅਜੋਕੇ ਹਥਿਆਰਾਂ ਨਾਲ ਲੈਸ ਕਿਲਾ ਬਣਾ ਦਿੱਤਾ ਗਿਆ । ਇਹਨਾਂ ਅਤਿਵਾਦੀ ਸਿਖਾਂ ਨੇ ਪਵਿਤਰ ਅਸਥਾਨ ਦੀ ਬੇ-ਹੁਰਮਤੀ ਕੀਤੀ ਅਤੇ ਜਦੋਂ ਕੇਂਦਰੀ ਸਰਕਾਰ ਨੇ 9 ਮਈ ਤੋਂ 18 ਮਈ ਤਕ ਇਸ ਪਵਿਤਰ ਅਸਥਾਨ ਦੀ ਨਾਕਾਬੰਦੀ ਕਰਕੇ ਬੜੇ ਸੁਚੱਜੇ ਢੰਗ ਨਾਲ ਇਹਨਾਂ ਬਦੇਸ਼ੀ ਏਜੰਟਾਂ ਨੂੰ ਕੱਢਿਆ ਅਤੇ ਫੜਿਆ ਤਾਂ ਪੰਜਾਬੀ ਤੇ ਭਾਰਤੀ ਲੋਕਾਂ ਨੇ ਸੁਖ ਦਾ ਸਾਹ ਲਿਆ । ਇਹਨਾਂ ਵਹਿਸ਼ੀ ਖਾਲਿਸਤਾਨੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਪਨਾਹ ਲੈ ਕੇ ਤੇ ਅੰਦਰ ਮਲਮੂਤਰ ਕਰਕੇ ਉਸ ਦੀ ਪਵਿਤਰਤਾ ਨੂੰ ਭੰਗ ਕੀਤਾ । ਧਾਰਮਿਕਤਾ ਤੇ ਪਵਿਤਰਤਾ ਦੀ ਡੌਂਡੀ ਪਿੱਟਣ ਵਾਲੇ ਹੁਣ ਇਸ ਮਸਲੇ ਤੇ ਕਿਉਂ ਚੁੱਪ ਹਨ । ਪਰ ਸਾਰੇ ਸਿੱਖ ਅਤੇ ਪੰਜਾਬ ਦੇ ਲੋਕ ਇਹਨਾਂ ਗਦਾਰਾਂ ਨੂੰ ਬਾਹਰ ਕੱਢਣ ਤੇ ਖੁਸ਼ ਹਨ ਅਤੇ ਇਹਨਾਂ ਦੇ ਕੁਕਰਮਾਂ ਨੂੰ ਭੰਡਦੇ ਹਨ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਸਲ ਵਿਚ ਭਿੰਡਰਾਂਵਾਲੇ ਦੇ ਸਮੇਂ ਤੋਂ ਹੀ ਉਸ ਨੂੰ ਹਥਿਆਰ ਲਿਜਾਣ ਦਿਤੇ ਅਤੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੀ ਦੁਰਵਰਤੋਂ ਹੋਣ ਦਿੱਤੀ ।

ਪੰਜਾਬ ਦੀ ਅਕਾਲੀ ਪਾਰਟੀ ਨੇ ਭੀ ਕੁਝ ਨਹੀਂ ਸਿਖਿਆ । ਪਵਿੱਤਰਤਾ ਅਤੇ ਗੁਰਦੁਆਰਾ ਨੂੰ ਪੁਲਸ ਦੇ ਘੇਰੇ ਤੋਂ ਆਜ਼ਾਦ ਕਰਾਉਣ ਦੀਆਂ ਗੱਲਾਂ ਤਾਂ ਕੀਤੀਆਂ ਪਰ ਅਤਿਵਾਦੀਆਂ ਦੇ ਕੁਕਰਮਾਂ, ਸੈਂਕੜੇ ਲੋਕਾਂ ਦੇ ਕਤਲਾਂ ਅਤੇ ਦੇਸ਼ ਧਰੋਹੀ ਵੱਖਵਾਦੀਆਂ ਨੂੰ ਨਿੰਦਣ ਤੋਂ ਸੰਕੋਚ ਕੀਤਾ । ਇਸ ਨਾਲ ਸਗੋਂ ਅਤਿਵਾਦੀਆਂ ਨੂੰ ਸ਼ਹਿ ਮਿਲੀ । ਅਕਾਲੀ ਪਾਰਟੀ ਕੋਈ ਠੋਸ ਸਟੈਂਡ ਲੈਣ ਤੋਂ ਇਨਕਾਰੀ ਹੈ। ਪਾਕਿਸਤਾਨ ਵਿਚ ਟਰੇਨਿੰਗ ਲੈਣ ਵਾਲੇ ਦੇਸ਼ ਧਰੋਹੀ ਅਨਸਰਾਂ ਦੇ ਵਿਰੁਧ ਅਕਾਲੀ ਪਾਰਟੀ ਨੇ ਕੋਈ ਸਟੈਂਡ ਨਹੀਂ ਲਿਆ ਅਤੇ ਨਾ ਹੀ ਉਹਨਾਂ

ਵਿਰੁਧ ਕੋਈ ਮੁਹਿਮ ਦੀ ਜਿਸ ਦੇ ਸਿਟੇ ਵਜੋਂ ਅਕਾਲੀ ਪਾਰਟੀ ਆਪਣੇ ਲੋਕ ਹਤੈਸ਼ੀ ਖਾੜਕੂ ਵਿਰਸੇ ਤੋਂ ਪਰੇ ਹੋ ਗਈ ।

ਭਾਵੇਂ ਪੰਜਾਬ ਦੇ ਹਿੰਦੂ ਸਿੱਖ ਲੋਕਾਂ ਨੇ ਆਪਸ ਵਿਚ ਸਦਭਾਵਨਾ ਅਤੇ ਏਕਤਾ ਰੱਖੀ ਹੈ ਪਰ ਫਿਰ ਭੀ ਫਿਰਕੂ ਜ਼ਹਿਰ ਅਤੇ ਪਾੜਾ ਧੁਰ ਲੋਕਾਂ ਤਾਂ ਅਸਰ ਤਾਂ ਕਰ ਗਿਆ ਹੈ । ਭਿੰਡਰਾਂਵਾਲੇ ਦਾ ਆਧਾਰ ਕਾਫੀ ਅਸਰਦਾਇਕ ਹੈ ਅਤੇ ਇਸ ਆਧਾਰ ਨੂੰ ਖਤਮ ਕਰਨਾ ਜ਼ਰੂਰੀ ਹੈ । ਅੱਜ ਤੁਰੰਤ ਲੋੜ ਹੈ ਕਿ ਅਤਿਵਾਦ ਤੇ ਵੱਖਵਾਦ ਵਿਰੁਧ ਡੱਟਵੀਂ ਲੋਕ ਮੁਹਿਮ ਤੇਜ਼ ਕੀਤੀ ਜਾਵੇ ਅਤੇ ਲੋਕਾਂ ਵਿਚੋਂ ਇਹਨਾਂ ਨੂੰ ਨਿਖੇੜਿਆ ਜਾਵੇ । ਕਾਂਗਰਸ ਦੀਆਂ ਚਾਲਾਂ ਤੇ ਸੌੜੇ ਹਿਤਾਂ ਨੂੰ ਭਾਂਜ ਦਿੱਤੀ ਜਾਵੇ । ਪਰ ਸਾਰੇ ਖਾਲਿਸਤਾਨ ਵਿਰੋਧੀ ਲੋਕਾਂ ਨੂੰ ਇਕੱਠੇ ਹੋ ਕੇ ਵੱਖਵਾਦੀਆਂ ਵਿਰੁਧ ਲਾਮਬੰਦੀ ਕੀਤੀ ਜਾਵੇ, ਰਾਜੀਵ ਲੌਂਗੋਵਾਲ ਸਮਝੌਤਾ ਲਾਗੂ ਕੀਤਾ ਜਾਵੇ ਅਤੇ ਪੰਜਾਬ ਦਾ ਸਿਆਸੀ ਹਲ ਕੀਤਾ ਜਾਵੇ ਅਤੇ ਭਿੰਡਰਾਂਵਾਲੇ ਦਾ ਆਧਾਰ ਖਤਮ ਕੀਤਾ ਜਾਵੇ । ਇਸ ਮਸਲੇ ਤੇ ਖੱਬੇ ਪੱਖੀ ਤੇ ਖਾਸ ਕਰ ਸੀ. ਪੀ. ਮਾਰਕਸੀ ਪਾਰਟੀ ਅਤੇ ਸੀ ਪੀ ਆਈ ਦਾ ਲੋਕ ਹਿਤੂ ਤੇ ਦੇਸ਼ ਅਖੰਡਤਾ ਦੇ ਮਸਲੇ ਤੇ ਬਹੁਤ ਸ਼ਲਾਘਾਯੋਗ ਰੋਲ ਹੈ ।

# ਆਪਣੀ ਵੋਟ ਬਣਾਓ!

ਇਸ ਸਾਲ ਦੇ ਅੰਤ ਤੱਕ ਕੈਨੇਡੀਅਨ ਪਾਰਲੀਮੈਂਟ ਅਤੇ ਸ਼ਹਿਰੀ ਮਿਊਂਸਪਲਟੀ ਦੀਆਂ ਚੋਣਾਂ ਆ ਰਹੀਆਂ ਹਨ । ਇਹ ਦੋਵੇਂ ਅਦਾਰੇ ਹਰ ਕੈਨੇਡਾ ਵਿਚ ਰਹਿਣ ਵਾਲੇ ਦੇ ਜੀਵਨ ਉਪਰ ਬੜਾ ਡੂੰਘਾ ਪ੍ਰਭਾਵ ਪਾਉਂਦੇ ਹਨ । ਇਨ੍ਹਾਂ ਅਦਾਰਿਆਂ ਵਿਚ ਚੁਣੇ ਜਾਣ ਵਾਲੇ ਮੈਂਬਰ ਕੈਨੇਡਾ ਪੱਧਰ ਉਪਰ ਅੰਤੇ ਸ਼ਹਿਰ ਦੇ ਪੱਧਰ ਉਪਰ ਜੋ ਕਾਨੂੰਨ ਬਣਾਉਂਦੇ ਹਨ, ਜੋ ਟੈਕਸ ਵਸੂਲਦੇ ਹਨ ਉਨ੍ਹਾਂ ਦੀ ਲੋਕਾਂ ਦੇ ਹਿੱਤਾਂ ਲਈ ਅਤੇ ਲੋਕਾਂ ਦੇ ਹਿਤਾਂ ਦੇ ਵਿਰੁਧ, ਕੁਝ ਲੋਕਾਂ ਦੇ ਲਾਭਾਂ ਲਈ ਵਰਤੋਂ ਕਰਨ ਦਾ ਅਧਿਕਾਰ ਅਸੀਂ ਇਨ੍ਹਾਂ ਚੁਣੇ ਮੈਂਬਰਾਂ ਨੂੰ ਦਿੰਦੇ ਹਾਂ ।

ਇਥੇ ਅਸੀਂ ਇਸ ਤਫਸੀਲ ਵਿਚ ਜਾਂਦੇ ਹੋਏ ਸਿਰਫ ਇਹੋ ਹੀ ਕਹਿਣਾ ਚਾਹੁੰਦੇ ਹਾਂ ਕਿ ਸਾਨੂੰ ਇਨ੍ਹਾਂ ਚੋਣਾਂ ਨੂੰ ਲਾਂਭੇ ਖਲੋ ਕੇ ਹੀ ਨਹੀਂ ਦੇਖਣਾ ਚਾਹੀਦਾ ਸਗੋਂ ਇਨ੍ਹਾਂ ਵਿਚ ਪੂਰੀ ਸੂਝ ਬੂਝ ਨਾਲ ਹਿਸਾ ਲੈਣਾ ਚਾਹੀਦਾ ਹੈ ।

ਇਨ੍ਹਾਂ ਚੋਣਾਂ ਵਿਚ ਹਿਸਾ ਲੈਣ ਲਈ ਬਦੇਸ਼ਾਂ ਤੋਂ ਆਏ ਸਾਰੇ ਇਮੀਗ੍ਰੈਂਟਸ ਨੂੰ ਇਕ ਲਾਜ਼ਮੀ ਸ਼ਰਤ ਪੂਰੀ ਕਰਨੀ ਪੈਂਦੀ ਹੈ । ਉਹ ਸ਼ਰਤ ਹੈ : **ਕੈਨੇਡਾ ਦੀ ਸਿਟੀਜ਼ਨਸ਼ਿਪ ਪ੍ਰਾਪਤ ਕਰਨੀ** । ਸਿਟੀਜਨਸ਼ਿਪ ਪ੍ਰਾਪਤ ਕਰਨ ਤੋਂ ਬਿਨਾਂ ਕੋਈ ਵਿਅਕਤੀ ਮਿਊਂਸਪਲ, ਪ੍ਰੋਵੇਂਸ਼ਲ ਅਤੇ ਫੈਡਰਲ ਚੋਣਾਂ ਵਿਚ ਨਾ ਉਮੀਦਵਾਰ ਦੇ ਤੌਰ ਉਤੇ ਖੜ੍ਹਾ ਹੋ ਸਕਦਾ ਹੈ ਅਤੇ ਨਾ ਹੀ ਵੋਟ ਪਾ ਸਕਦਾ ਹੈ ।

ਬੀ. ਸੀ. ਦੇ ਬਾਕੀ ਟਾਊਨਾਂ ਨੂੰ ਛੱਡਦਿਆਂ, ਗਰੇਟਰ ਵੈਨਕੂਵਰ ਦੇ ਏਰੀਏ ਵਿਚ ਹੀ 80 ਹਜ਼ਾਰ ਤੋਂ ਇਕ ਲੱਖ ਤੱਕ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ । ਜੇ ਕਰ ਇਨ੍ਹਾਂ ਵਿਚੋਂ ਚੌਥਾ ਹਿਸਾ ਬੱਚਿਆਂ ਨੂੰ ਕੱਢ ਵੀ ਦਿੱਤਾ ਜਾਵੇ ਫਿਰ ਵੀ 60 ਤੋਂ 75 ਹਜ਼ਾਰ ਤੱਕ ਵੋਟ ਪਾਉਣ ਦੇ ਯੋਗ ਲੋਕਾਂ ਦੀ ਗਿਣਤੀ ਹੈ । ਇਸ ਵਿਚੋਂ ਵੀ ਜੇਕਰ 20 ਹਜ਼ਾਰ ਅਨਪੜ੍ਹ ਜਾਂ ਘੱਟ ਪੜ੍ਹੇ ਲੋਕਾਂ ਨੂੰ ਕੱਢ ਦੇਈਏ, ਜੋ ਅੰਗਰੇਜ਼ੀ ਨਾ ਬੋਲ ਸਕਣ ਦੇ ਕਾਰਨ ਸਿਟੀਜਨਸ਼ਿਪ ਦੀ ਇੰਟਰਵੀਊ ਵਿਚੋਂ ਪਾਸ ਨਾ ਹੋ ਸਕਦੇ ਹੋਣ ਫਿਰ ਵੀ ਇਹ ਗਿਣਤੀ 40 ਤੋਂ 55 ਹਜ਼ਾਰ ਤੱਕ ਰਹਿ ਜਾਂਦੀ ਹੈ । ਜੋਕਿ ਹਰ ਚੋਣ ਨਤੀਜੇ ਨੂੰ ਪ੍ਰਭਾਵਤ ਕਰ ਸਕਦੀ ਹੈ । ਚੋਣਾਂ ਵਿਚ ਬਣੀ ਸਰਕਾਰ ਨੇ ਸਾਡੇ ਲਈ ਕਾਨੂੰਨ ਬਣਾਉਂਦੇ ਹਨ । ਜੇਕਰ ਸਾਡੀ ਇੰਨੀ ਵੋਟ ਹੋਵੇਗੀ ਤਾਂ ਨਿਸਚੇ ਹੀ ਕੋਈ ਪਾਰਟੀ ਸਰਕਾਰ ਸਾਡੇ ਲੋਕਾਂ ਦੇ ਹਿਤਾਂ ਦਾ ਕੁਝ ਨਾ ਕੁਝ ਧਿਆਨ ਜ਼ਰੂਰ ਰੱਖੇਗੀ ।

ਬੇਸ਼ੱਕ ਲਿਬਰਲ ਅਤੇ ਟੋਰੀ ਪਾਰਟੀਆਂ ਸਾਡੇ ਅਤੇ ਹੋਰਨਾਂ ਘੱਟ ਗਿਣਤੀਆਂ ਬਾਰੇ ਬਹੁਤੀ ਹਾਂ ਪੱਖੀ ਨੀਤੀਆਂ ਦੀਆਂ ਧਾਰਨੀ ਨਹੀਂ ਹਨ । ਐਨ. ਡੀ. ਪੀ. ਦੀਆਂ ਨੀਤੀਆਂ ਆਮ ਕਰਕੇ ਮਿਡਲ ਕਲਾਸ ਅਤੇ ਆਮ ਲੋਕਾਂ ਦੇ ਹਿੱਤਾਂ ਦੀ ਵਧੇਰੇ ਰਾਖੀ ਕਰ ਸਕਦੀਆਂ ਹਨ । ਬੇਸ਼ਕ ਕਈ ਵਾਰ ਐਨ ਡੀ ਪੀ ਅਤੀ ਮੌਕਾਪ੍ਰਸਤ ਸਟੈਂਡ ਲੈ ਜਾਂਦੀ ਹੈ । ਜਿਵੇਂ ਕਿ ਖਾਲਿਸਤਾਨੀਆਂ ਦੇ ਸਵਾਲ ਉਪਰ ਜੋਅ ਕਲਾਰਕ ਦਾ ਸਟੈਂਡ ਸ਼ਲਾਘਾਯੋਗ ਸੀ ਕਿਉਂਕਿ ਇਸ ਤਰ੍ਹਾਂ ਜਿਹੜੇ ਖਾਲਿਸਤਾਨੀ ਟੋਲੇ ਆਪਣੀਆਂ ਖਰੂਦੀ ਹਰਕਤਾਂ ਦੇ ਕਾਰਨ ਸਮੁੱਚੀ ਕਮਿਊਨਿਟੀ ਦੀ ਬਦਨਾਮੀ ਦਾ ਕਾਰਨ ਬਣੇ ਹਨ, ਆਮ ਲੋਕਾਂ ਤੋਂ ਨਿਖੜਦੇ ਹਨ । ਖਾਲਿਸਤਾਨੀ ਲੋਕ ਜੋਅ ਕਲਾਰਕ ਦੇ ਬਿਆਨਾਂ ਨੂੰ ਖਾਹਮਖਾਹ ਸਾਰੇ ਸਿਖ ਭਾਈਚਾਰੇ ਨਾਲ ਨੱਥੀ ਕਰਕੇ, ਆਪਣਾ ਸਿਰ ਵਿਚ ਛਪਾਉਣਾ ਚਾਹੁੰਦੇ ਸਨ । ਐਨ ਡੀ ਪੀ ਦਾ ਜੋਅ ਕਲਾਰਕ ਦਾ ਇਸ ਸਵਾਲ ਤੇ ਵਿਰੋਧ ਨਿਰੋਲ ਤੰਗ ਰਾਜਨੀਤਕ ਲਾਭਾਂ ਲਈ ਹੈ, ਨਾ ਕਿ ਅਸਲੀਅਤ ਉਪਰ ਨਿਰਭਰ । ਫਿਰ ਵੀ ਇਸ ਸਬੰਧੀ ਸ੍ਰੀ ਉਜੱਲ ਦੁਸਾਂਝ ਵਰਗੇ ਉਘੇ ਐਨ ਡੀ ਪੀਅਰ ਵਲੋਂ ਠੀਕ ਨੀਤੀ ਉਪਰ ਖੜ੍ਹਾ ਹੋਣਾ ਐਨ ਡੀ ਪੀ ਦੀ ਮੌਕਾਪ੍ਰਸਤ ਨੀਤੀ ਨੂੰ ਚੈਲੰਜ ਹੈ ।

ਖੈਰ ਅਸੀਂ ਤਾਂ ਵੋਟ ਬਣਾਉਣ ਬਾਰੇ ਗੱਲ ਕਰ ਰਹੇ ਸਾਂ । ਸਾਡੀ ਕਮਿਊਨਿਟੀ ਦਾ ਜਨਰਲ ਝੁਕਾਓ ਐਨ ਡੀ ਪੀ ਵੱਲ ਹੀ ਹੈ । ਉਨ੍ਹਾਂ ਨੂੰ ਜਿਤਾਉਣ ਲਈ ਵੋਟ ਬਣਾਉਣੇ ਜ਼ਰੂਰੀ ਹਨ । ਜਿਸ ਲਈ ਸਿਟੀਜਨਸ਼ਿਪ ਪ੍ਰਾਪਤ ਕਰਨਾ ਸ਼ਰਤ ਹੈ ।

ਵੈਨਕੂਵਰ ਅਤੇ ਸਰੀ ਵਿਚ **ਇਮੀਗਰੇਸ਼ਨ ਸਰਵਰਸਿਜ਼ ਸੁਸਾਇਟੀਆਂ** ਤੋਂ ਸਿਟੀਜ਼ਨਸ਼ਿਪ ਪ੍ਰਾਪਤ ਕਰਨ ਲਈ ਲੋੜੀਂਦੀ ਵਾਕਫੀਅਤ ਲਈ ਜਾ ਸਕਦੀ


**BERNARD SIMPSON** & COMPANY

PRACTICE **RESTRICTED** TO
INJURIES SUFFERED DUE TO
**CAR ACCIDENTS (ICBC CLAIMS)**

ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ.
ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

HANDLING CAR ACCIDENTS FOR
OVER 15 YEARS

CONTINGENCY FEES AVAILABLE
(IF NO RECOVERY NO LEGAL FEE)
NO CHARGE FOR INITIAL CONSULTATION
SITUATED IN THE AUTOMOBILE
ASSOCIATION BUILDING

**734-2272**
999 West Broadway, Vancouver, B.C. V5Z 1K5

ਹੈ। ਇਸ ਸਬੰਧ ਵਿਚ ਘੋਲ ਕਰਨੀ ਠੀਕ ਨਹੀਂ ਹੈ। ਜੇਕਰ ਹੁਣੇ ਸਿਟੀਜਨਸ਼ਿਪ ਲਈ ਅਪਲਾਈ ਕੀਤਾ ਜਾਵੇਗਾ ਤਾਂ ਤੁਸੀਂ ਤਿੰਨ ਮਹੀਨਿਆਂ ਤੱਕ ਇਸ ਨੂੰ ਪ੍ਰਾਪਤ ਕਰ ਸਕੋਗੇ ਜੋ ਕਿ ਅਕਤੂਬਰ 1988 ਦੇ ਨੇੜ ਤੇੜ ਹੋਣ ਵਾਲੀਆਂ ਫੈਡਰਲ ਚੋਣਾਂ ਅਤੇ ਨਵੰਬਰ 1988 ਦੀਆਂ ਮਿਊਂਸਪਲ ਚੋਣਾਂ ਵਿਚ ਵੋਟ ਪਾਉਣ ਦਾ ਤੁਹਾਨੂੰ ਹੱਕ ਦੁਆ ਸਕੇਗੀ।

## ਵੈਂਡਰਜ਼ਾਮ ਦੀ ਹਾਰ

ਬੀ. ਸੀ. ਦੇ ਬੋਂਡਰੀ ਇਲਾਕੇ ਵਿਚ ਹੋਈ ਅਸੰਬਲੀ ਦੀ ਜ਼ਿਮਨੀ ਚੋਣ ਸੋਕਰਡ ਪਾਰਟੀ ਨੂੰ ਜ਼ਬਰਦਸਤ ਹਾਰ ਹੋਈ ਹੈ ਅਤੇ ਐਨ ਡੀ ਪੀ ਦੀ ਜਿੱਤ ਹੋਈ ਹੈ, ਉਹ ਸੋਕਰਡ ਸਰਕਾਰ ਉਪਰੋਂ ਬੀ ਸੀ ਦੇ ਲੋਕਾਂ ਦੇ ਵਿਸ਼ਵਾਸ਼ ਉਠ ਜਾਣ ਦੀ ਇਕ ਸਪਸ਼ਟ ਮਿਸਾਲ ਹੈ।

ਵੈਂਡਰਜ਼ਾਮ ਆਪਣੀ ਲੋਕ ਵਿਰੋਧੀ ਨੀਤੀਆਂ ਦੇ ਕਾਰਨ ਹੀ, 22 ਸਾਲਾਂ ਤੋਂ ਸੋਕਰਡਾਂ ਨੂੰ ਵੋਟਾਂ ਪਾਉਣ ਵਾਲੇ ਲੋਕਾਂ ਤੋਂ ਵਾਂਝਿਆ ਗਿਆ ਹੈ ਉਸ ਵਲੋਂ ਫਰੀ-ਟਰੇਡ ਦੀ ਸਪੋਰਟ ਕਰਨੀ, ਇਸਤਰੀ ਹੱਕਾਂ ਉਪਰ ਛਾਪਾ ਮਾਰਨਾ, ਮੈਡੀਕਲ ਦਰਾਂ ਵਿਚ ਵਾਧਾ, ਕਾਰ ਇੰਨਸ਼ੋਰੈਂਸ, ਮਜ਼ਦੂਰ ਵਿਰੋਧੀ ਬਿਲ-19 ਅਤੇ ਅਧਿਆਪਕਾਂ ਵਿਰੁਧ ਬਿਲ-20 ਦਾ ਕਾਨੂੰਨ ਬਣਾਉਣ ਵਿਸ਼ੇਸ਼ ਗੱਲਾਂ ਹਨ।

ਵੈਂਡਰਜ਼ਾਮ ਸਰਕਾਰ ਦੇ ਲੋਕ ਵਿਰੋਧੀ ਖਾਸੇ ਹੋਣ ਦੇ ਬਾਵਜੂਦ **ਵੈਨਕੂਵਰ ਦੇ ਰੌਸ ਸਟਰੀਟ ਗੁਰਦੁਆਰੇ** ਵਲੋਂ ਸਨਮਾਨਤ ਕਰਨ ਦਾ ਸਵਾਲ ਫਿਰ ਖੜ੍ਹਾ ਹੁੰਦਾ ਹੈ। ਅਸੀਂ ਉਨ੍ਹਾਂ ਤੋਂ ਪੁਛਿਆ ਸੀ ਕਿ ਉਹ ਕਿਹੜੇ ਗੁਣ ਹਨ ਜਿਨਾਂ ਕਾਰਨ ਵੈਂਡਰਜ਼ਾਮ ਸਨਮਾਨਤ ਕੀਤਾ ਗਿਆ ਸੀ। ਰੌਸ ਸਟਰੀਟ ਕਮੇਟੀ ਨੇ ਕੋਈ ਉਤਰ ਨਹੀਂ ਦਿੱਤਾ। ਫਿਰ ਅਜਿਹੀ ਲੋਕ ਵਿਰੋਧੀ ਸਰਕਾਰ ਨੂੰ ਸਨਮਾਨਤ ਕਰਨਾ ਸਾਡੀ ਕਮਿਊਨਿਟੀ ਨੂੰ ਬੀ. ਸੀ. ਦੇ ਆਮ ਲੋਕਾਂ ਦੀ ਨਜ਼ਰ ਵਿਚ ਹੇਠਾਂ ਸੁਟਣ ਵਾਲੀ ਕਾਰਵਾਈ ਹੀ ਕਹੀ ਜਾ ਸਕਦੀ ਹੈ।

ਖੈਰ ਅਸੀਂ ਐਨ. ਡੀ. ਪੀ. ਦੀ ਜਿੱਤ ਉਪਰ ਖੁਸ਼ ਹਾਂ। ਅਤੇ ਅਸੀਂ ਆਸ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿਚ ਬੀ. ਸੀ. ਦੇ ਲੋਕ ਸਦਾ ਲਈ ਸੋਕਰਡਾਂ ਤੋਂ ਮੁਕਤੀ ਪ੍ਰਾਪਤ ਕਰ ਲੈਣਗੇ। ਨਾਲ ਹੀ ਅਸੀਂ ਐਨ ਡੀ ਪੀ ਨੂੰ ਵਾਰਨਿੰਗ ਦੇਣੀ ਚਾਹੁੰਦੇ ਹਾਂ ਕਿ ਉਹ ਟਰੇਡ ਯੂਨੀਅਨ ਹੱਕਾਂ ਲਈ, ਇਸਤਰੀਆਂ ਲਈ, ਬੇਰੁਜ਼ਗਾਰਾਂ, ਬਦੇਸ਼ਾਂ ਤੋਂ ਆਏ ਇਮੀਗਰੈਂਟ ਲੋਕਾਂ ਲਈ ਦ੍ਰਿੜ ਅਤੇ ਅਸੂਲ ਸਟੈਂਡ ਲੈਣ। ਵੱਖਵਾਦੀ ਵਿਰੁਧ ਟੋਰੀ ਸਰਕਾਰ ਦੇ ਚੰਗੇ ਸਟੈਂਡ ਨੂੰ ਤੰਗ ਰਾਜਸੀ ਹਿਤਾਂ ਲਈ, ਭੰਡਣ ਦੀ ਥਾਂ ਉਸ ਦੀ ਸਪੋਰਟ ਕਰਨ। ●

## ਈਸਟ ਇੰਡੀਅਨ ਵਰਕਰਜ਼ ਐਸੋ: ਟਰਾਂਟੋ ਬਰਾਂਚ ਦੀ ਮੀਟਿੰਗ

ਪਿਛਲੇ ਦਿਨੀਂ ਜਸਬੀਰ ਸਿੰਘ ਬੀਕਾ ਦੀ ਪ੍ਰਧਾਨਗੀ ਹੇਠ ਸ਼ਹੀਦ ਭਗਤ ਸਿੰਘ ਦੀ ਬਰਸੀ ਉਤੇ ਬੁਲਾਈ ਗਈ ਇਹ ਮੀਟਿੰਗ, ਉਨ੍ਹਾਂ ਹਾਲਤਾਂ ਵਿਚ ਹੋਈ, ਜਦੋਂ ਸ਼ਹੀਦ ਭਗਤ ਸਿੰਘ ਸਰਮਾਏਦਾਰੀ ਨਜ਼ਾਮ, ਕਲੋਨੀਅਨ ਅੰਗਰੇਜ਼ ਸਰਕਾਰ ਵਿਰੁਧ ਲੜਦੇ ਹੋਏ ਸ਼ਹੀਦ ਹੋ ਗਏ, ਉਨ੍ਹਾਂ ਦੀ ਕੁਰਬਾਨੀ ਟਰਾਂਟੋ ਸਾਥੀਆਂ ਵਲੋਂ ਯਾਦ ਕੀਤਾ ਗਿਆ।

ਨਾਲ ਹੀ ਬੜਾ ਦੁੱਖ ਪ੍ਰਗਟ ਕੀਤਾ ਗਿਆ ਕਿ ਵਿਸ਼ਾਲ ਦੇਸ਼ ਦੇ ਟੋਟੇ ਟੋਟੇ ਕਰਨ ਲਈ ਖਾਲਿਸਤਾਨੀ ਦਹਿਸ਼ਤਪਸੰਦ ਤੇ ਗਦਾਰ, ਹਿੰਦੁਸਤਾਨ ਨੂੰ ਸਰਗਰਮ ਹਨ।

ਹਰ ਰੋਜ਼ ਸਾਧਾਰਨ ਲੋਕਾਂ ਤੇ ਕਮਿਊਨਿਸਟ-ਦੇਸ਼ ਭਗਤਾਂ ਉਪਰ ਇਨ੍ਹਾਂ ਗਦਾਰਾਂ ਵਲੋਂ ਹਮਲੇ ਸੁਣ ਕੇ ਬੜਾ ਦੁੱਖ ਹੁੰਦਾ ਹੈ। ਸਾਥੀਆਂ ਨੇ ਇਹ ਪ੍ਰਣ ਕੀਤਾ ਕਿ ਘਨਾਉਣੇ ਕਦਮ, ਸਾਨੂੰ ਅਗਾਂਹ ਵਧੂ ਸਾਥੀਆਂ ਨੂੰ ਲੋਕਾਂ ਲਈ ਲੜਨ ਤੋਂ ਰੋਕ ਨਹੀਂ ਸਕਦੇ।

ਇਸ ਮੀਟਿੰਗ ਵਿਚ ਜਿਫਸਿਲਵਾ ਜੋ ਮੈਟਰੋਵਰਕਰਜ਼ ਕਮੇਟੀ ਦੇ ਪ੍ਰਧਾਨ ਹਨ, ਅਤੇ ਜਿੰਮਬ੍ਰਿਜਵੁਡ ਸ਼ਾਮਲ ਹੋਏ। ਉਨ੍ਹਾਂ ਨੇ ਕੈਨੇਡਾ ਦੇ ਹਾਲਾਤ ਬਾਰੇ ਦੱਸਿਆ ਕਿ ਫਰੀ ਟਰੇਡ ਕੈਨੇਡਾ ਦੀ ਮਜ਼ਦੂਰ ਜਮਾਤ ਲਈ ਬੜੀ ਹਾਨੀਕਾਰਕ ਹੋਵੇਗਾ। ਤੇ ਛੋਟੇ ਬਿਜਨਿਸ ਨੂੰ ਧੱਕਾ ਲੱਗੇਗਾ। ਫਰੀ ਟਰੇਡ ਰਾਹੀਂ ਅਮਰੀਕਨ ਇਜ਼ਾਰੇਦਾਰ 'ਇਨਰਜ਼ੀ' ਅਤੇ 'ਤੇਲ' ਉਪਰ ਕਬਜ਼ਾ ਕਰਨਾ ਚਾਹੁੰਦੇ ਹਨ।

**ਵਲੋਂ : ਸ਼ਵਿੰਦਰ ਬਾਸੀ**

**ਨੋਟ : ਲੋਕਤਾ ਲਈ ਇਕੱਠਾ ਕੀਤਾ ਗਿਆ ਫੰਡ ਇਸ ਤਰ੍ਹਾਂ ਹੈ : 1. ਜਸਬੀਰ ਬੀਕਾ 2. ਨਿਰਮਲ ਢੀਂਡਸਾ 3, ਪਿਆਰਾ ਤੱਗੜ 4. ਕੁਲਵਿੰਦਰ ਨਿੱਝਰ 5. ਬਲਬੀਰ ਸੰਧੂ 6. ਕੁਲਵਿੰਦਰ ਸੰਧੂ 7. ਦਿਲਬਾਗ ਸੰਧੂ 8. ਮਾ: ਹਰਜਿੰਦਰ ਸੰਧੂ 9. ਡਾ: ਗੁਰਨਾਮ ਸਿੰਘ 10. ਸ਼ਵਿੰਦਰ ਸਾਥੀ। ਸਭਨਾਂ ਸਾਥੀਆਂ ਨੇ 20-20 ਡਾਲਰ ਦਿਤੇ ਕੁਲ ਜੋੜ 200 ਡਾਲਰ।**

**ਅਦਾਰਾ ਲੋਕਤਾ ਸਮੂੰਹ ਸਾਥੀਆਂ ਦਾ ਧੰਨਵਾਦੀ ਹੈ।**

**ਇਨਸਾਨੀਅਤ ਸਭਨਾਂ ਧਰਮਾਂ ਤੋਂ ਉਪਰ ਹੈ**
**ਇਨਸਾਨ ਬਣੋ**


# ASHOKA TRADING CO. LTD.

*6621 MAIN STREET, VANCOUVER. B.C.*

**324-7521**

• ਕਢਾਈ ਵਾਲੀਆਂ ਅਤੇ ਸਿਲਕ ਦੀਆਂ ਵਧੀਆ ਸਾੜ੍ਹੀਆਂ ਭਾਰਤ ਤੋਂ ਅਤੇ ਪ੍ਰਿੰਟਿਡ ਅਤੇ ਪਲੇਨ ਸਾੜ੍ਹੀਆਂ ਜਾਪਾਨ ਤੋਂ ਸਿੱਧੀਆਂ ਮੰਗਵਾਈਆਂ ਜਾਂਦੀਆਂ ਹਨ। **ਕੇਵਲ ਹੋਲ ਸੇਲ ਤੇ ਖ੍ਰੀਦਣ ਲਈ ਫ਼ੂਨ ਕਰੋ**



INDIAN SILK SAREES & SUITS
JAPANEEESE SUITS & SAREES
COSTUME JEWELLERY

**WAREHOUSE ADDRESS:**
# 102 - 8185 MAIN ST., VANCOUVER. B.C.
TEL: (604) 321 - 4506

*WORLD WIDE IMPORTS IN FABRICS, SAREES & JEWELLERY WHOLESALE & RETAIL*

**WELL DISPLAYED & MOST DECORATED STORE IN TOWN**

# ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਦੇ ਨਾਂ ਖੁਲ੍ਹੀ ਚਿੱਠੀ

ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਪੋਲਿਟ ਬਿਊਰੋ ਦੇ ਮੈਂਬਰ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਨੇ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਨੂੰ ਹੇਠਾਂ ਦਿਤਾ ਖੁਲਾ ਖਤ ਲਿਖਿਆ ਹੈ।

ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਪਿਆਰੇ ਮੈਂਬਰੋ,

ਨੌ ਮਈ ਤੋਂ 18 ਮਈ ਤਕ ਦਰਬਾਰ ਸਾਹਿਬ ਵਿਚ ਜੋ ਕੁਝ ਵਾਪਰਿਆ ਉਸਨੇ ਸਿਰਫ ਪੰਜਾਬੀਆਂ ਨੂੰ ਹੀ ਦੁਖ ਨਹੀਂ ਪਹੁੰਚਾਇਆ, ਸਗੋਂ ਸਮੁੱਚੇ ਦੇਸ਼ ਦੇ ਸਾਰੇ ਦੇਸ਼ ਭਗਤ ਅਤੇ ਜਮਹੂਰੀਅਤ ਪਸੰਦ ਲੋਕਾਂ ਨੂੰ ਵੀ ਦੁਖ ਪਹੁੰਚਾਇਆ ਹੈ। ਜਦੋਂ ਦੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਹੈ। ਦਰਬਾਰ ਸਾਹਿਬ ਨੂੰ ਕਦੇ ਵੀ ਏਨਾ ਜਿਆਦਾ ਅਪਵਿੱਤਰ ਨਹੀਂ ਕੀਤਾ ਗਿਆ ਅਤੇ ਇਸ ਦੇ ਅੰਦਰ ਏਨੇ ਜਿਆਦਾ ਘਿਨਾਉਣੇ ਜੁਰਮ ਨਹੀਂ ਕੀਤੇ ਗਏ, ਜਿਤਨੇ ਕਿ ਹੁਣ ਅੱਤਵਾਦੀਆਂ ਵਲੋਂ ਕੀਤੇ ਗਏ ਹਨ। ਕੁਦਰਤੀ ਤੌਰ ਤੇ ਲੋਕਾਂ ਜਿਹਨਾਂ ਵਿਚ ਸਿਖ ਵੀ ਸ਼ਾਮਲ ਹਨ, ਦੇ ਮਨਾਂ ਵਿਚ ਸੁਆਲ ਇਹ ਪੈਦਾ ਹੁੰਦਾ ਹੈ ਕਿ ਕੀ ਸਿਖ ਗੁਰਦੁਆਰਿਆਂ ਨੂੰ ਧਾਰਮਿਕ ਸੁਤੰਤਰਤਾ ਦੇ ਪਰਦੇ ਹੇਠ ਰਾਸ਼ਟਰ ਵਿਰੋਧੀ ਸਰਗਰਮੀਆਂ ਲਈ ਵਰਤੇ ਜਾਣ ਦੀ ਅਗਿਆ ਦਿਤੀ ਜਾ ਸਕਦੀ ਹੈ। ਦਰਬਾਰ ਸਾਹਿਬ ਸਿਰਫ ਮਾਸੂਮ ਲੋਕਾਂ ਨੂੰ ਕਤਲ ਕਰਨ, ਜਬਰੀ ਪੈਸੇ ਬਟੋਰਨ ਅਤੇ ਔਰਤਾਂ ਦੀ ਬੇਪਤੀ ਕਰਨ ਵਰਗੀਆਂ ਸਰਗਰਮੀਆਂ ਦਾ ਹੀ ਕੇਂਦਰ ਨਹੀਂ ਬਣ ਗਿਆ। ਸਗੋਂ ਇਹ ਅੱਤਵਾਦੀ ਲੋਕਾਂ ਦਿਲੀ ਸ਼ਰਧਾ ਦਾ ਨਚ ਇਚ ਫਾਇਦਾ ਉਠਾਕੇ ਹਰਮੰਦਰ ਸਾਹਿਬ ਦੀ ਪਵਿੱਤਰਤਾ ਭੰਗ ਕਰਨੇ ਤੋਂ ਵੀ ਪਰਹੇਜ਼ ਨਹੀਂ ਕਰਦੇ।

ਦਰਬਾਰ ਸਾਹਿਬ ਅੰਦਰ ਉਹਨਾਂ ਦੇ ਦਾਖਲੇ ਦਾ ਮਨੋਰਥ ਦਰਬਾਰ ਸਾਹਿਬ ਉਤੇ ਹਮਲਾ ਕਰਨ ਲਈ ਨੀਮ-ਫੌਜੀ ਬਲਾਂ ਨੂੰ ਭੜਕਾਹਟ ਵਿਚ ਲਿਆਉਣਾ ਸੀ। ਤਾਂ ਜੋ ਸਿੱਖਾਂ ਦੇ ਇਸ ਧਾਰਮਿਕ ਸਥਾਨ ਪ੍ਰਤੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਉਹ ਭੜਕਾ ਸਕਣ ਤੇ ਫਿਰ ਉਹ ਇਹਨਾਂ ਭਾਵਨਾਵਾਂ ਦੀ ਆਪਣੇ ਮਨੋਰਥਾਂ ਲਈ ਵਰਤੋਂ ਕਰ ਸਕਣ, ਭਾਵੇਂ ਕਿ ਇਹ ਸਾਜਿਸ਼ ਸਫਲ ਨਹੀਂ ਹੋਈ, ਦੂਸਰੇ ਪਾਸੇ ਇਹੀ ਲੋਕ ਜਿਹੜੇ ਸਿੱਖਾਂ ਦੇ ਰੀਤਾਂ-ਰਿਵਾਜਾਂ ਦੀ ਗੱਲ ਕਰਦੇ ਸਨ ਅਤੇ ਰੂੜੀਵਾਦ ਦਾ ਪਰਚਾਰ ਕਰਦੇ ਸਨ, ਨੇ ਇਸ ਪਵਿੱਤਰ ਸਥਾਨ ਵਿਚ ਮਲ-ਮੂਤਰ ਤਿਆਗ ਕਰਨ ਤੋਂ ਵੀ ਗੁਰੇਜ ਨਹੀਂ ਕੀਤਾ, ਜਿਸ ਢੰਗ ਨਾਲ ਇਹਨਾਂ ਨੇ ਆਤਮ ਸਮਰਪਨ ਕੀਤਾ ਹੈ ਅਤੇ ਹੁਣ ਆਪਣੇ ਵਲੋਂ ਕੀਤੇ ਗਏ ਘਿਨਾਉਣੇ ਜੁਰਮਾਂ ਦਾ ਪਰਗਟਾਵਾ ਕਰ ਰਹੇ ਹਨ। ਉਸ ਤੋਂ ਉਹਨਾਂ ਸਾਰਿਆਂ ਨੂੰ ਸਬਕ ਸਿਖਣਾ ਚਾਹੀਦਾ ਹੈ ਜਿਹੜੇ ਸੋਚਦੇ ਸਨ ਕਿ ਉਹ ਅਸੂਲਾਂ ਲਈ ਅਤੇ ਸਿੱਖ ਭਾਈਚਾਰੇ ਦੇ ਬਚਾਓ ਲਈ 'ਪਵਿਤਰ' ਕਾਰਜ ਲਈ ਲੜ ਰਹੇ ਹਨ।

ਭਾਵੇਂ ਕਿ ਉਹਨਾਂ ਦੀ ਕਾਰਵਾਈ ਨੇ ਉਹਨਾਂ ਨੂੰ ਆਮ ਲੋਕਾਂ ਨਾਲੋਂ ਨਿਖੇੜ ਦਿਤਾ ਹੈ, ਜਿਹਨਾਂ ਲੋਕਾਂ ਦੇ ਮਨਾਂ ਵਿਚ ਕਿ ਉਹਨਾਂ ਵਲੋਂ ਬਾਹਰ ਕੀਤੀਆਂ ਜਾਂਦੀਆਂ ਕਾਰਵਾਈਆਂ ਕਾਰਨ ਪਹਿਲਾਂ ਹੀ ਨਫਰਤ ਪੈਦਾ ਹੋ ਰਹੀ ਸੀ, ਪਰ ਐਸ. ਜੀ. ਪੀ. ਸੀ. ਅਤੇ ਸੰਯੁਕਤ ਅਕਾਲੀ ਦਲ ਦੇ ਆਗੂ ਜਿਹੜੇ ਕਿ ਸਿਖ ਧਰਮ ਦੇ ਨਾਂ ਹੇਠ ਗਲ ਕਰਨ ਦਾ ਦਾਅਵਾ ਕਰਦੇ ਹਨ, ਨੇ ਇਹਨਾਂ ਰਾਸ਼ਟਰ-ਵਿਰੋਧੀ ਤੱਤਾਂ ਅਤੇ ਮੁਜਰਮਾਂ ਵਿਰੁਧ ਨਿਖੇਧੀ ਭਰਿਆ ਇਕ ਸ਼ਬਦ ਵੀ ਨਹੀਂ ਕਿਹਾ, ਇਥੋਂ ਤਕ ਕਿ ਜਦੋਂ ਸਾਰੇ ਲੋਕਾਂ ਨੇ ਇਸ ਤੱਥ ਤੇ ਸੰਤੁਸ਼ਟੀ ਪਰਗਟ ਕੀਤੀ ਹੈ ਕਿ ਦਰਬਾਰ ਸਾਹਿਬ ਸਮੂਹ ਨੂੰ ਖਾਲਿਸਤਾਨੀ ਦਹਿਸ਼ਤਗਰਦਾਂ ਤੋਂ ਮੁਕਤ ਕਰਵਾ ਲਿਆ ਗਿਆ ਹੈ। ਦੂਸਰੇ ਪਾਸੇ ਐਸ. ਜੀ. ਪੀ. ਸੀ. ਲੀਡਰਸ਼ਿਪ ਨੇ ਏਥੋਂ ਤਕ ਕਿ ਹਰਮੰਦਰ ਸਾਹਿਬ ਵਿਚ 'ਮਰਿਆਦਾ' ਬਹਾਲ ਕਰਨ ਸਮੇਂ ਵੀ ਝਿਜਕਣ ਦਿਖਾਈ ਜਦੋਂ ਕਿ ਇਹਨਾਂ ਹੀ ਲੀਡਰਾਂ ਨੇ ਇਸ ਨੂੰ ਵੱਡਾ ਮਸਲਾ ਬਣਾਉਣ ਦਾ ਯਤਨ ਕੀਤਾ ਜਦੋਂ ਉਹ ਦਰਬਾਰ ਸਾਹਿਬ ਦੀ ਸਿੱਖ ਅੱਤਵਾਦੀਆਂ ਤੋਂ ਨਹੀਂ। ਸਗੋਂ ਨੀਮ ਫੌਜੀ ਬਲਾਂ ਤੋਂ ਮੁਕਤੀ ਬਾਰੇ ਰੌਲਾ ਪਾ ਰਹੇ ਸਨ। ਸਾਨੂੰ ਡਰ ਹੈ ਅਤੇ ਸਾਨੂੰ ਇਥੋਂ ਤਕ ਕਿ ਇਸ ਬਾਰੇ ਉਹਨਾਂ ਦੀਆਂ ਭਾਵਨਾਵਾਂ ਦੇ ਸੱਚੀ ਹੋਣ ਬਾਰੇ ਵੀ ਸ਼ੱਕ ਹੈ ਕਿ ਜੇ ਉਹ ਦਰਬਾਰ ਸਾਹਿਬ ਵਿਚ ਦਾਖਲ ਹੋਏ ਹੁੰਦੇ ਜਿਵੇਂ ਕਿ ਉਹਨਾਂ ਦਾਅਵਾ ਕੀਤਾ ਸੀ ਕਿ ਉਹ ਚਾਹੁੰਦੇ ਸਨ ਤਾਂ ਉਹਨਾਂ ਨੂੰ ਵੀ ਅੱਤਵਾਦੀਆਂ ਦੀਆਂ ਗੋਲੀਆਂ ਦਾ ਸਾਹਮਣਾ ਕਰਨਾ ਪੈਣਾ ਸੀ।

ਇਹ ਅਜੀਬ ਗੱਲ ਹੈ ਕਿ ਏਥੋਂ ਤਕ ਕਿ ਹੁਣ ਜਦੋਂ ਲੋਕ ਉਹਨਾਂ ਰਵਾਇਤਾਂ ਜਿਹਨਾਂ ਉਤੇ ਕਿ 1925 ਵਿਚ ਇਸ ਦੇ ਹੋਂਦ 'ਚ ਆਉਣ ਤੋਂ ਹੀ ਐਸ. ਜੀ. ਪੀ. ਸੀ ਚਲਦੀ ਆ ਰਹੀ ਹੈ, ਨੂੰ ਬਹਾਲ ਕਰਨ ਲਈ ਐਸ. ਜੀ. ਪੀ. ਸੀ ਉਤੇ ਆਸ ਰਖਦੇ ਸਨ। ਤੁਸੀਂ ਇਹ ਭਰੋਸਾ ਦੇਣ ਤੋਂ ਵੀ ਹਿਚਕਚਾਹਟ ਪ੍ਰਗਟ ਕੀਤੀ, ਕਿ ਦਰਬਾਰ ਸਾਹਿਬ ਸਮੂਹ ਨੂੰ ਹਥਿਆਰ ਅਤੇ ਅਸਲਾ ਜਮਾਂ ਕਰਨ ਲਈ ਜਾਂ ਕਾਤਲਾਂ ਨੂੰ ਲੁਕਣ ਲਈ ਵਰਤਣ ਦੀ ਆਗਿਆ ਨਹੀਂ ਦਿਤੀ ਜਾਵੇਗੀ। ਇਸ ਤਰਾਂ ਤੁਹਾਡੀ ਨੀਤੀ ਅੱਤਵਾਦੀਆਂ ਦੀ ਹੋਰ ਜਿਆਦਾ ਹੌਂਸਲਾ ਅਫਜਾਈ ਕਰਨ ਅਤੇ ਉਹਨਾਂ ਨੂੰ ਮੁੜ ਗਰੁਪਬੰਦੀ ਕਰਨ ਦੀ ਆਗਿਆ ਦੇਣ ਵਾਲੀ ਹੈ ਤਾਂ ਜੋ ਉਹ ਆਪਣੀਆਂ ਰਾਸ਼ਟਰ ਵਿਰੋਧੀ ਸਰਗਰਮੀਆਂ ਜਾਰੀ ਰਖ ਸਕਣ। ਰਾਜ, ਦੇਸ਼, ਜਾਂ ਏਥੋਂ ਤਕ ਕਿ ਸਿੱਖ ਭਾਈਚਾਰੇ ਦੇ ਹਿਤਾਂ ਦੀ ਤੁਹਾਨੂੰ ਰਤੀ ਭਰ ਵੀ ਚਿੰਤਾ ਨਹੀਂ ਹੈ। ਜਿਹੜੇ ਕਿ ਅਜ ਡਰ ਦੀ ਭਾਵਨਾ ਨਾਲ ਜੀਵਨ ਗੁਜਾਰ ਰਹੇ ਹਨ, ਸਿਰਫ ਪੰਜਾਬ ਤੋਂ ਬਾਹਰ ਹੀ ਨਹੀਂ ਸਗੋਂ ਪੰਜਾਬ ਦੇ ਅੰਦਰ ਵੀ। ਦਹਿਸ਼ਤਗਰਦ ਕਿਸੇ ਨੂੰ ਵੀ ਨਹੀਂ ਬਖਸ਼ਦੇ ਵਿਸ਼ੇਸ਼ ਕਰਕੇ ਉਹਨਾਂ ਨੂੰ ਜਿਹੜੇ ਉਹਨਾਂ ਅਗੇ ਗੋਡਣੀਆਂ ਟੇਕਣ ਤੋਂ ਇਨਕਾਰ ਕਰ ਦਿੰਦੇ ਹਨ।

ਕੀ ਤੁਸੀਂ ਇਸ ਪ੍ਰਤੀ ਸੁਚੇਤ ਨਹੀਂ ਕਿ 1925 ਵਿਚ ਗੁਰਦੁਆਰਾ ਐਕਟ ਬਣਾਉਣ ਪਿਛੋਂ ਦਰਬਾਰ ਸਾਹਿਬ ਸਮੂਹ ਅੰਦਰ ਹਥਿਆਰ ਲੇਜਾਣ ਦੀ ਆਗਿਆ ਨਹੀਂ ਦਿਤੀ ਜਾਂਦੀ ਸੀ? ਸਾਰੇ ਹਥਿਆਰ ਅੰਦਰ ਦਾਖਲ ਹੋਣ ਤੋਂ ਪਹਿਲਾਂ ਹੀ ਬਾਹਰ ਜਮਾ ਕਰਵਾ ਲਏ ਜਾਂਦੇ ਸਨ। ਇਹ ਸਿਰਫ 1983 ਵਿਚ ਹੀ ਸੀ ਕਿ ਐਸ. ਜੀ ਪੀ. ਸੀ ਨੇ ਭਿੰਡਰਾਂਵਾਲੇ ਨੂੰ ਹਥਿਆਰ ਅੰਦਰ ਲੈਜਾਣ ਅਤੇ ਅਕਾਲ ਤਖਤ ਅੰਦਰ ਕਿਲ੍ਹਾ ਉਸਾਰਨ ਦੀ ਆਗਿਆ ਦਿਤੀ ਤਾਂ ਜੋ ਉਹ ਕੇਂਦਰ ਸਰਕਾਰ ਦੀ ਅਥਾਰਟੀ ਨੂੰ ਚੁਣੌਤੀ ਦੇ ਸਕੇ ਅਤੇ ਦੇਸ਼ ਦੀ ਏਕਤਾ ਲਈ ਖਤਰਾ ਪੈਦਾ ਕਰ ਸਕੇ। ਉਸ ਸਮੇਂ ਪੇਸ਼ ਕੀਤੇ ਗਏ ਇਹ ਸੁਝਾਅ ਖੁਦ ਐਸ. ਜੀ. ਪੀ ਸੀ ਵਲੋਂ ਠੁਕਰਾ ਦਿਤੇ ਗਏ ਸਨ। ਜਿਹਨਾਂ ਸੁਝਾਵਾਂ ਵਿਚ ਕਿਹਾ ਗਿਆ ਸੀ ਕਿ ਭਿੰਡਰਾਂਵਾਲੇ ਨੂੰ ਦਰਬਾਰ ਸਾਹਿਬ ਅਤੇ ਅਕਾਲ ਤਖਤ ਤੋਂ ਬਾਹਰ ਚਲੇ ਜਾਣ ਲਈ ਕਹਿ ਦਿਤਾ ਜਾਣਾ ਚਾਹੀਦਾ ਹੈ।

ਇਹੀ ਅੱਤਵਾਦੀ ਸਨ ਜਿਹਨਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਕਤਲ ਕਰ ਦਿਤਾ ਸੀ ਜਿਹੜੇ ਕਿ ਸਮਝੌਤੇ ਉਤੇ ਦਸਖਤ ਕਰਨ ਪਿਛੋਂ ਏਕਤਾ ਦਾ ਸੁਨੇਹਾ ਲੈਜਾ ਰਹੇ ਸਨ। ਸਮੁਚੇ ਰਾਜ ਦੇ ਲੋਕਾਂ ਨੇ ਸਮਝੌਤੇ ਦੀ ਹਿਮਾਇਤ ਕੀਤੀ ਅਤੇ ਅੱਤਵਾਦੀਆਂ ਵਲੋਂ ਚੋਣਾਂ ਦੇ ਬਾਈਕਾਟ

ਲਈ ਦਿਤੇ ਗਏ ਸਦੇ ਨੂੰ ਰੱਦ ਕਰ ਦਿਤਾ ਇਹਨਾਂ ਅੱਤਵਾਦੀਆਂ ਨੂੰ ਇਸ ਕਰਕੇ ਹੀ ਦਰਬਾਰ ਸਾਹਿਬ ਵਿਚੋਂ ਬਾਹਰ ਕੱਢ ਦਿਤਾ ਗਿਆ ।

ਫਿਰ ਦੁਬਾਰਾ ਐਸ. ਜੀ. ਪੀ. ਸੀ, ਨੇ ਉਹਨਾਂ ਨਾਲ ਸਮਝੌਤਾ ਕਰ ਲਿਆ ਅਤੇ ਉਹਨਾਂ ਨੂੰ ਸਿਰਫ ਦਰਬਾਰ ਸਾਹਿਬ, ਅੰਦਰ ਦਾਖਲ ਹੋਣ ਦੀ ਆਗਿਆ ਹੀ ਨਹੀਂ ਦਿਤੀ ਗਈ ਸਗੋਂ ਏਥੋਂ ਤਕ ਕਿ ਆਪਣੀ ਅਥਾਰਟੀ ਦਾ ਤਿਆਗ ਕਰਦਿਆਂ ਇਸ ਨੇ ਅਕਾਲ ਤਖਤ ਦੀ ਮੁੜ ਉਸਾਰੀ ਦਾ ਕੰਮ ਵੀ ਉਹਨਾਂ ਨੂੰ ਸੌਂਪ ਦਿਤਾ। ਇਹੀ ਕਾਰਨ ਸੀ ਕਿ 26 ਜਨਵਰੀ, 1986 ਨੂੰ 'ਸਰਬਤ ਖਾਲਸਾ' ਕਰਨ ਲਈ ਅੱਤਵਾਦੀਆਂ ਦੇ ਹੌਂਸਲੇ ਵਧ ਗਏ ਇਸ ਸਰਬਤ ਖਾਲਸਾ ਨੇ ਐਸ. ਜੀ. ਪੀ. ਸੀ. ਦੀ ਅਥਾਰਟੀ ਨੂੰ ਰੱਦ ਕਰ ਦਿਤਾ ਅਤੇ ਸਿੱਖ ਪੰਥ ਦੇ ਮਾਮਲਿਆਂ ਦਾ ਮਾਰਗ ਦਰਸ਼ਨ ਕਰਨ ਲਈ ਪੰਥਕ ਕਮੇਟੀ ਚੁਣ ਲਈ, ਮੌਜੂਦਾ ਮੁਖ ਗ੍ਰੰਥੀਆਂ ਨੂੰ ਰੱਦ ਕਰਕੇ ਉਨ੍ਹਾਂ ਦੀ ਥਾਂ ਨਵੇਂ ਮੁਖ ਗ੍ਰੰਥੀ ਨਿਯੁਕਤ ਕਰ ਦਿਤੇ, ਜਸਬੀਰ ਸਿੰਘ ਰੋਡੇ ਉਨਾਂ ਵਿਚੋਂ ਇਕ ਹੈ।

ਜਦੋਂ ਇਸ ਪਿਛੋਂ ਐਸ.ਜੀ.ਪੀ.ਸੀ. ਵਲੋਂ ਇਕ ਹੋਰ ਸਰਬੱਤ ਖਾਲਸਾ ਸਦਿਆ ਗਿਆ ਤਾਂ ਅਕਾਲ ਤਖਤ, ਕੇਸ ਗੜ ਸਾਹਿਬ ਦਾ ਉਦੋਂ ਦਾ ਜਥੇਦਾਰ ਅਤੇ ਬਾਦਲ ਤੇ ਟੌਹੜਾ ਵੀ ਉਨਾਂ ਮਤਿਆ ਵਿਚ ਧਿਰ ਸਨ ਜਿਨਾਂ 'ਚ ਅੱਤਵਾਦੀਆ ਦੇ ਪਹਿਲੇ ਸਰਬੱਤ ਖਾਲਸਾ ਦੀ ਨਿਖੇਧੀ ਕੀਤੀ ਗਈ ਸੀ ਅਤੇ ਦਰਬਾਰ ਸਾਹਿਬ ਉਤੇ ਐਸ.ਜੀ.ਪੀ.ਸੀ. ਦੀ ਅਥਾਰਟੀ ਬਹਾਲ ਕਰਨ ਦੀ ਦ੍ਰਿੜਤਾ ਪ੍ਰਗਟ ਕੀਤੀ ਗਈ ਸੀ ।

ਐਸ.ਜੀ.ਪੀ.ਸੀ. ਨੇ ਫਿਰ ਟਾਸਕ ਫੋਰਸ ਕਾਇਮ ਕਰ ਲਈ ਅਤੇ ਆਪਣੀ ਅਥਾਰਟੀ ਲਾਗੂ ਕਰ ਦਿਤੀ । ਪਰ ਫਿਰ ਜਿਉਂ ਹੀ ਐਸ.ਜੀ.ਪੀ. ਦੀ ਲੀਡਰਸ਼ਿਪ ਸੰਯੁਕਤ ਅਕਾਲੀ ਦਲ ਦੇ ਹੱਥਾਂ ਵਿਚ ਚਲੇ ਗਈ ਤਾਂ ਸਭ ਤੋਂ ਪਹਿਲਾਂ ਇਹ ਟਾਸਕ ਫੋਰਸ ਹੀ ਭੰਗ ਕੀਤੀ ਗਈ। ਫਿਰ ਅੱਤਵਾਦੀਆਂ ਨੂੰ ਆਗਿਆ ਦਿਤੀ ਗਈ, ਇਸ ਵਾਰ ਸਿਰਫ ਦਰਬਾਰ ਸਾਹਿਬ ਵਿਚ ਦਾਖਲ ਹੋਣ ਦੀ ਹੀ ਨਹੀਂ ਸਗੋਂ ਉਨਾਂ ਨੂੰ ਇਸ ਦੇ ਮਾਲਕ ਬਣਨ ਦੀ ਵੀ। ਐਸ.ਜੀ.ਪੀ.ਸੀ. ਨੂੰ ਆਪਣੀ ਅਥਾਰਟੀ ਤਿਆਗਣ ਲਈ ਮਜਬੂਰ ਕਰ ਦਿਤਾ ਗਿਆ ਅਤੇ ਇਹ ਅੱਤਵਾਦੀ ਹੀ ਸਨ ਜਿਹੜੇ ਦਰਬਾਰ ਸਾਹਿਬ ਅਤੇ ਸੂਬੇ ਵਿਚਲੇ ਸਾਰੇ ਗੁਰਦੁਆਰਿਆਂ ਉਤੇ ਕੰਟਰੋਲ ਕਰਦੇ ਸਨ।

ਕੀ ਇਹ ਸੱਚ ਨਹੀਂ ਹੈ ਕਿ ਤੁਹਾਡੇ ਦੋ ਮਹੱਤਵਪੂਰਨ ਕਾਰਜਕਰਤਾ ਅਬਿਨਾਸ਼ੀ ਸਿੰਘ, ਸਕੱਤਰ ਐਸ. ਜੀ. ਪੀ. ਸੀ ਅਤੇ ਡਾਕਟਰ ਹਰਬੰਸ ਸਿੰਘ ਨੂੰ ਅੱਤ-ਵਾਦੀਆਂ ਨੇ ਅਗਵਾ ਕਰਕੇ ਕਤਲ ਕਰ ਦਿਤਾ ਸੀ। ਏਥੋਂ ਤਕ ਕਿ ਇਸ ਸਥਿਤੀ ਨੇ ਵੀ ਤੁਹਾਨੂੰ ਚੌਕਸ ਨਹੀਂ ਕੀਤਾ ਭਾਵੇਂ ਕਿ ਤੁਸੀਂ ਆਪਣੇ ਦਫਤਰ ਵਿਚ ਐਸ. ਜੀ. ਪੀ. ਸੀ ਦੀ ਮੀਟਿੰਗ ਕਰਨ ਦਾ ਹੌਂਸਲਾ ਨਾ ਕੀਤਾ। ਸ਼ਾਇਦ ਐਸ. ਜੀ. ਪੀ. ਸੀ ਦੇ ਇਤਿਹਾਸ ਵਿਚ ਪਹਿਲੀ ਵਾਰ ਅਹੁਦੇਦਾਰ ਚੁਣਨ ਲਈ ਜਨਰਲ ਬਾਡੀ ਮੀਟਿੰਗ ਅਨੰਦਪੁਰ ਸਾਹਿਬ ਵਿਖੇ ਕੀਤੀ ਗਈ। ਇਸ ਤਰਾਂ ਇਹ ਤੁਹਾਡਾ ਹੁਕਮ ਨਹੀਂ ਸਗੋਂ ਅੱਤਵਾਦੀਆਂ ਦਾ ਹੁਕਮ ਹੈ ਜਿਹੜਾ ਕਿ ਇਹਨਾਂ ਸੰਸਥਾਵਾਂ ਉਤੇ ਚਲ ਰਿਹਾ ਹੈ। ਇਹ ਅੱਜ ਦੀ ਸਥਿਤੀ ਦਾ ਦੁਖਾਂਤ ਹੈ ਕਿ ਐਸ. ਜੀ. ਪੀ. ਸੀ. ਜਿਹੜੀ ਕਿ ਆਮ ਲੋਕਾਂ ਦੇ ਬਹਾਦਰਾਨਾ ਸੰਘਰਸ਼ ਕਾਰਨ ਹੋਂਦ ਵਿਚ ਆਈ ਜਿਹੜੇ ਲੋਕ ਕਿ ਸਿਰਫ ਮਹੰਤਾਂ ਵਿਰੁੱਧ ਹੀ ਨਹੀਂ ਲੜੇ ਜਿਹਨਾਂ ਮਹੰਤਾਂ ਦਾ ਕਿ ਉਸ ਸਮੇਂ ਗੁਰਦੁਆਰਿਆਂ ਉਤੇ ਕੰਟਰੋਲ ਸੀ ਸਗੋਂ ਇਨਾਂ ਮਹੰਤਾਂ ਦੀ ਹਿਮਾਇਤ ਕਰਨ ਵਾਲੀ ਬਰਤਾਨਵੀਂ ਸਰਕਾਰ ਵਿਰੁੱਧ ਵੀ ਡਟਕੇ ਲੜੇ, ਉਹੀ ਐਸ. ਜੀ. ਪੀ. ਸੀ. ਅੱਜ ਅਜਿਹੇ ਤੱਤਾਂ ਦੇ ਹੱਥਾਂ ਵਿਚ ਖੇਡ ਰਹੀ ਹੈ ਜਿਹਨਾਂ ਨੂੰ ਨਾ ਹੀ ਦੇਸ਼ ਦੇ ਹਿਤਾਂ ਦੀ ਤੇ ਨਾ ਹੀ ਸਿਖਾਂ ਦੀ ਹੀ ਕੋਈ ਪ੍ਰਵਾਹ ਹੈ। ਦਰਬਾਰ ਸਾਹਿਬ ਦੇ ਪ੍ਰਬੰਧ ਨੂੰ ਲੈਕੇ ਜਿਹੜਾ ਸੰਕਟ ਪੈਦਾ ਹੋਇਆ ਹੈ ਉਹ ਇਸ ਸਭ ਕਾਸੇ ਦਾ ਹੀ ਨਤੀਜਾ ਹੈ ।

ਮੈਂ ਇਸ ਨਾਲ ਸਹਿਮਤ ਨਹੀਂ ਕਿ ਸਰਕਾਰ ਇਸ ਤਰਾਂ ਦੀ ਮੰਗ ਕਰੇ ਕਿ ਐਸ. ਜੀ. ਪੀ. ਸੀ ਨੂੰ ਇਹ ਕੰਮ ਆਪਣੇ ਸਿਰ ਲੈਣਾ ਚਾਹੀਦਾ ਹੈ, ਪਰ ਕੀ ਲੋਕਾਂ ਨੂੰ ਇਹ ਯਕੀਨ ਦੁਆਉਣਾ ਤੁਹਾਡੀ ਜ਼ੁੰਮੇਂਵਾਰੀ ਨਹੀਂ ਕਿ ਦਰਬਾਰ ਸਾਹਿਬ ਅੰਦਰ ਕਿਸੇ ਨੂੰ ਵੀ ਹਥਿਆਰ ਲਿਆਉਣ ਦੀ ਆਗਿਆ ਨਹੀਂ ਦਿਤੀ ਜਾਵੇਗੀ ? ਕੀ ਇਹ ਵੇਖਣਾ ਤੁਹਾਡੀ ਜ਼ੁਮੇਂਵਾਰੀ ਨਹੀਂ ਕਿ ਮੁਜਰਮ ਅਤੇ ਰਾਸ਼ਟਰ ਵਿਰੋਧੀ ਤੱਤ ਦਰਬਾਰ ਸਾਹਿਬ ਅੰਦਰ ਕਿਸੇ ਪਰਕਾਰ ਦੀ ਪਨਾਹ ਨਾ ਲੈਣ ? ਕੀ ਤੁਸੀਂ ਇਸ ਤੱਥ ਤੋਂ ਸੁਚੇਤ ਨਹੀਂ ਕਿ ਦਰਬਾਰ ਸਾਹਿਬ ਦੇ ਸਮੁਚੇ ਇਤਿਹਾਸ ਵਿਚ ਅਜਿਹੀਆਂ ਗੱਲਾਂ ਕਦੇ ਨਹੀ ਵਾਪਰੀਆਂ ? ਇਹ ਮਤਾ ਅਪਨਾਉਣ ਵਿਚ ਤੁਹਾਨੂੰ ਕੀ ਮੁਸ਼ਕਲ ਦਰਪੇਸ਼ ਹੈ ਕਿ ਦਰਬਾਰ ਸਾਹਿਬ ਦੀਆਂ ਅਜਿਹੀਆਂ ਰਿਵਾਇਤਾਂ ਰਹੀਆਂ ਹਨ ਜਿਹੜੀਆਂ ਕਿ 1983 ਪਿਛੋਂ ਭੰਗ ਕਰ ਦਿਤੀਆਂ ਗਈਆਂ ਅਤੇ ਐਸ. ਜੀ. ਪੀ. ਸੀ. ਉਹਨਾਂ ਰਿਵਾਇਤਾਂ ਨੂੰ ਮੁੜ ਬਹਾਲ ਕਰਨ ਦੀ ਸਹੁੰ ਖਾਂਦੀ ਹੈ ?

ਤੁਸੀਂ ਇਕ ਅਜਿਹਾ ਮਤਾ ਲਿਆ-ਉਣ ਲਈ ਅਗੇ ਆ ਸਕਦੇ ਹੋ ਅਤੇ ਇਹ ਸਰਕਾਰ ਨੂੰ ਭੇਜਿਆ ਜਾ ਸਕਦਾ ਹੈ ਤੇ ਛਪਵਾਇਆ ਜਾ ਸਕਦਾ ਹੈ। ਇਸ ਨਾਲ ਲੋਕਾਂ ਨੂੰ ਯਕੀਨ ਹੋ ਜਾਵੇਗਾ ਕਿ ਤੁਸੀਂ ਘਟੋ ਘਟ ਇਸ ਘੜੀ ਕਾਫੀ ਨੁਕਸਾਨ ਹੋ ਜਾਣ ਪਿਛੋਂ ਆਪਣੀ ਜ਼ੁਮੇਂਵਾਰੀ ਬਾਰੇ ਅਹਿਸਾਸ ਕਰ ਲਿਆ ਹੈ ਕਿ ਤੁਹਾਡੀ ਜ਼ੁਮੇਂਵਾਰੀ ਵਿਅਕਤੀਆਂ ਨੂੰ ਬਚਾਉਣਾ ਨਹੀਂ, ਸਗੋਂ ਉਹਨਾਂ ਰੀਤਾਂ ਅਤੇ ਰਿਵਾ-ਇਤਾਂ ਨੂੰ ਬਚਾਉਣਾ ਹੈ ਜਿਹਨਾਂ ਕਾਰਨ ਕਿ ਐਸ ਜੀ ਪੀ ਸੀ ਦਾ ਅਤੇ ਇਸ ਦੀ ਲੀਡਰਸ਼ਿਪ ਦਾ ਲੋਕਾਂ ਦੇ ਮਨਾਂ 'ਚ ਬੀਤੇ ਸਮੇਂ ਦੌਰਾਨ ਕਾਫੀ ਸਤਿਕਾਰ ਸੀ ।

ਤੁਹਾਡੀ ਜਮਹੂਰੀ ਤੌਰ ਤੇ ਚੁਣੀ ਹੋਈ ਕਮੇਟੀ ਹੈ, ਪਰ ਤੁਸੀਂ ਆਪਣੀ ਜ਼ੁਮੇਂਵਾਰੀ ਨਿਭਾਏ ਬਗੈਰ ਹੀ ਆਪਣੀ ਅਥਾਰਟੀ ਨੂੰ ਉਭਾਰਨਾ ਚਾਹੁੰਦੇ ਹੋ । ਅਤੇ ਬੀਤੇ 'ਚ ਤੁਸੀਂ ਅਜਿਹਾ ਕਰਨ ਵਿਚ ਅਸਫਲ ਰਹੇ ਹੋ । ਜੇਕਰ ਤੁਸੀਂ ਸਮੇਂ ਦੀ ਆਵਾਜ਼ ਨਾਲ ਉਠਦੇ ਨਹੀਂ ਉਨ੍ਹਾਂ ਰਾਸ਼ਟਰ-ਵਿਰੋਧੀ ਤੱਤਾਂ ਅਤੇ ਦਹਿਸ਼ਤ-ਗਰਦਾਂ ਵਿਰੁਧ ਸਪਸ਼ਟ ਤੌਰ ਤੇ ਨਹੀਂ ਨਿਤਰਦੇ ਜਿਹੜੇ ਕਿ ਮਾਸੂਮ ਲੋਕਾਂ ਦੀਆਂ ਜਾਨਾਂ ਲੈ ਰਹੇ ਹਨ ਅਤੇ ਪਾਕਿਸਤਾਨ ਦੀ ਤਰਫੋਂ ਤੇ ਸਾਮਰਾਜ ਦੀ ਸ਼ਹਿ ਤੇ ਦੇਸ ਨੂੰ ਅਸਥਿਰ ਕਰਨ ਵਿਚ ਹੀ ਸਿਰਫ ਰੁਚੀ ਰਖਦੇ ਹਨ, ਤਾਂ ਲੋਕ ਤੁਹਾਨੂੰ ਕਦੇ ਮੁਆਫ ਨਹੀਂ ਕਰਨਗੇ ।

ਲੀਡਰਸ਼ਿਪ ਦਾ ਗੁਣ ਅਜਿਹੀਆਂ ਤਾਕਤਾਂ ਅੱਗੇ ਬੁਜ਼ਦਲਾਨਾ ਢੰਗ ਨਾਲ ਗੋਡੇ ਟੇਕਣ ਵਿਚ ਨਹੀਂ ਜਿਨ੍ਹਾਂ ਤਾਕਤਾਂ ਦੀਆਂ ਸਰਗਰਮੀਆਂ ਕਿ ਸਿੱਖ ਭਾਈਚਾਰੇ ਨੂੰ ਬਦਨਾਮ ਕਰ ਰਹੀਆਂ ਹਨ ਸਗੋਂ ਇਨਾਂ ਤਾਕਤਾਂ ਵਿਰੁਧ ਜੂਝਣ ਵਿਚ ਹੈ । ਮੈਂ ਤੁਹਾਨੂੰ ਏਥੋਂ ਤਕ ਕਿ ਇਸ ਦੇਰ ਗਏ ਵੀ ਬੇਨਤੀ ਕਰਦਾ ਹਾਂ ਕਿ ਤੁਸੀਂ ਲੀਡਰ-ਸ਼ਿਪ ਦੇ ਗੁਣਾਂ ਦਾ ਪ੍ਰਗਟਾਵਾ ਕਰੋ ਅਤੇ ਲੋਕਾਂ ਨੂੰ ਇਹ ਯਕੀਨ ਦੁਆਵੋ ਕਿ ਤੁਸੀਂ ਦਰਬਾਰ ਸਾਹਿਬ ਤੇ ਦੂਸਰੇ ਗੁਰਦੁਆ-ਰਿਆਂ ਦੀ ਪਵਿਤਰਤਾ ਦੀ ਰਾਖੀ ਕਰਨ ਲਈ ਹਰ ਸੰਭਵ ਯਤਨ ਕਰੋਗੇ ਅਤੇ ਇਨਾਂ ਨੂੰ ਅਜਿਹੀਆਂ ਸਰਗਰਮੀਆਂ ਲਈ ਵਰਤਣ ਦੀ ਆਗਿਆ ਨਹੀਂ ਦੇਵੋਗੇ ਜਿਹੜੀਆਂ ਦੇਸ਼, ਰਾਜ ਅਤੇ ਸਿੱਖਾਂ ਲਈ ਹਾਨੀਕਾਰਕ ਹਨ । ਜੇ ਤੁਸੀਂ ਦ੍ਰਿੜਤਾ ਤੋਂ ਕੰਮ ਨਾ ਲਿਆ ਤਾਂ ਤੁਹਾਡੀ ਅਥਾਰਟੀ ਜਾਂਦੀ ਰਹੇਗੀ ਜਿਹੜੀ ਕਿ ਤੁਸੀਂ ਕਈ ਸਾਲ ਪਹਿਲਾਂ ਚੋਣਾਂ ਰਾਹੀਂ ਹਾਸਿਲ ਕੀਤੀ ਸੀ ।

**–ਹਰਕਿਸ਼ਨ ਸਿੰਘ ਸੁਰਜੀਤ**

ਐਸੀ ਤੂੰ ਤੂੰ ਮੈਂ ਮੈਂ ਹੋਈ
ਹਲੇ ਦੀਹਦਾ ਅੰਤ ਨਾ ਕੋਈ
'ਤਰਸੂਲਾਂ' ਕਰਪਾਨਾਂ ਵੰਡਣ
ਲੀਰਾਂ ਲੀਰਾਂ ਹੋਈ ਲੋਈ

———

ਦਿੱਲੀ ਬੈਠਾ ਅਜੇ 'ਚੌਰਾਸੀ'
ਹੱਸੀ ਜਾਂਦੇ ਖਬਰੀ ਹਾਸੀ
'ਨੀਲੇ ਤਾਰੇ' ਵਾਂਗੂ ਮੁੜ ਕੇ
ਖਬਰੇ ਕਿਹੜਾ ਚੰਦ ਚੜ੍ਹਾਸੀ

———

**ਮਾਸਟਰ**

# ਕੇਂਦਰ ਪੰਜਾਬ ਸਮੱਸਿਆ ਨੂੰ ਹੱਲ ਕਰਨ ਲਈ ਸਹੀ ਦਿਸ਼ਾ ਵੱਲ ਆਵੇ

*ਹਰਕਿਸ਼ਨ ਸਿੰਘ ਸੁਰਜੀਤ*

ਸੁਰਖਿਆ ਦਲਾਂ ਵਲੋਂ ਅੱਤਵਾਦੀਆਂ ਨੂੰ ਹਰਮੰਦਰ ਸਾਹਿਬ ਕੰਪਲੈਕਸ ਅੰਦਰੋਂ ਬਾਹਰ ਕਢਣ ਲਈ ਚੁਕੇ ਗਏ ਕਦਮਾਂ ਦੇ ਸਿੱਟੇ ਵਜੋਂ ਅੰਦਰ ਲੁਕੇ ਅੱਤਵਾਦੀਆਂ ਵਲੋਂ ਆਤਮ ਸਮਰਪਣ ਕਰਨ ਨਾਲ ਸਮੁਚੀ ਕਾਰਵਾਈ ਸਫਲਤਾ ਪੂਰਵਕ ਢੰਗ ਨਾਲ ਸਿਰੇ ਚੜ ਗਈ ਹੈ। ਇਸ ਨਾਲ ਅੱਤਵਾਦੀਆਂ ਦੀਆਂ ਸਰਗਰਮੀਆਂ ਉਹਨਾਂ ਦੇ ਐਕਸ਼ਨ ਪਲਾਨਾ, ਨਿਸ਼ਾਨਿਆਂ ਅਤੇ ਟਰੇਨਿੰਗ ਦੇ ਢੰਗ ਤਰੀਕਿਆਂ ਅਤੇ ਜਿਹਨਾਂ ਹਲਕਿਆਂ ਤੋਂ ਉਹ ਮਦਦ ਲੈਂਦੇ ਹਨ ਉਹਨਾਂ ਦੇ ਸਬੰਧ ਵਿਚ ਬਹੁਤ ਸਾਰੀ ਜਾਣਕਾਰੀ ਮਿਲ ਜਾਵੇਗੀ।

ਸਮੁੱਚੇ ਉਪਰੇਸ਼ਨ ਦੌਰਾਨ ਸੁਰਖਿਆ ਦਲਾਂ ਨੇ ਦਾਅ-ਪੇਚਕ ਤੌਰ ਤੇ ਸਾਰੀ ਸਰਗਰਮੀ ਕੀਤੀ ਅਤੇ ਸਿੱਖਾਂ ਦੇ ਧਾਰਮਿਕ ਜਜ਼ਬਿਆਂ ਨੂੰ ਧਿਆਨ ਵਿਚ ਰਖਿਆ ਜਿਹਨਾਂ ਦੀ ਕਿ ਅੱਤਵਾਦੀ ਸਦਾ ਹੀ ਦੁਰ-ਵਰਤੋਂ ਕਰਦੇ ਰਹਿੰਦੇ ਹਨ। ਸੁਰਖਿਆ ਦਸਤਿਆਂ ਨੇ ਇਸ ਗਲ ਦਾ ਬੜਾ ਖਿਆਲ ਰਖਿਆ ਕਿ ਹਰਮੰਦਰ ਸਾਹਿਬ ਨੂੰ ਕੋਈ ਨੁਕਸਾਨ ਨਾ ਪੁਜੇ।

ਇਕੋ ਇਕ ਸਵਾਲ ਜਿਹੜਾ ਕਿ ਅਕਾਲੀਆਂ ਵਲੋਂ ਸਮੇਤ ਮੁਖ ਗਰੰਥੀਆਂ ਦੇ, ਉਠਾਇਆ ਜਾਂਦਾਹੈ ਉਹ ਹੈ ਮਰਿਆਦਾ ਭੰਗ ਹੋਣ ਦਾ। ਇਹ ਕੁਝ ਪੁਲਸ ਕਾਰਵਾਈ ਕਾਰਨ ਨਹੀਂ ਹੋਇਆ ਸਗੋਂ ਲਗਾਤਾਰ ਗੋਲੀ ਚਲਣ ਕਾਰਨ ਜਿਸਦੇ ਸਿੱਟੇ ਵੱਜੋਂ ਕੋਈ ਵੀ ਗਰੰਥੀ ਆਪਣੀ ਡਿਊਟੀ ਸੰਭਾਲ ਨਾ ਸਕਿਆ।

ਮੁਖ ਗਰੰਥੀਆਂ, ਸੰਯੁਕਤ ਅਕਾਲੀ ਦਲ ਦੇ ਲੀਡਰਾਂ, ਸਮੇਤ ਪਰਕਾਸ਼ ਸਿੰਘ ਬਾਦਲ ਦੇ, ਅੱਤਵਾਦੀਆਂ ਅਤੇ ਉਹਨਾਂ ਦੀਆਂ ਦੇਸ਼ ਧਰੋਹੀ ਸਰਗਰਮੀਆਂ ਅਤੇ ਬੇਗੁਨਾਹ ਵਿਅਕਤੀਆਂ, ਔਰਤਾਂ ਤੇ ਤੇ ਬਚਿਆਂ ਨੂੰ ਕਤਲ ਕਰਨ ਦੇ ਸਬੰਧ ਵਿਚ ਇਕ ਵੀ ਸ਼ਬਦ ਨਹੀਂ ਕਿਹਾ। ਉਹਨਾਂ ਨੇ ਮਰਿਆਦਾ ਭੰਗ ਹੋਣ ਤੇ ਸਰਕਾਰ ਦੀ ਹੀ ਨਿੰਦਾ ਕੀਤੀ।

ਅੱਤਵਾਦੀਆਂ ਦੇ ਹਰਮਿੰਦਰ ਸਾਹਿਬ ਅੰਦਰ ਹੁੰਦਿਆਂ ਹੋਇਆਂ ਜੇ ਉਹਨਾਂ ਨੇ ਮਰਿਆਦਾ ਦਾ ਬਹਾਲੀ ਦਾ ਕੋਈ ਹਲ ਦਸਿਆ ਹੁੰਦਾ ਤਾਂ ਉਹਨੂੰ ਜੀ ਆਇਆ ਕਿਹਾ ਜਾਣਾ ਸੀ ਅਤੇ ਉਸ ਨੂੰ ਅਮਲੀ ਜਾਮਾ ਪਵਾਉਣ ਲਈ ਸਭ ਕੁਝ ਹੋ ਜਾਣਾ ਸੀ, ਪਰ ਇਹ ਗਲ ਭੁਲਣੀ ਨਹੀਂ ਚਾਹੀਦੀ ਕਿ ਪਿਛਲੇ ਕੁਝ ਦਿਨਾਂ ਦੌਰਾਨ ਕੋਈ ਵੀ ਹਰਮੰਦਰ ਸਾਹਿਬ ਅੰਦਰ ਸੁਰਖਿਅਤ ਦਖਲ ਨਾ ਹੋ ਸਕਿਆ।

ਅੱਤਵਾਦੀਆਂ ਨੂੰ ਹਰਮੰਦਰ ਸਾਹਿਬ ਅੰਦਰੋਂ ਬਾਹਰ ਕੱਢਣ ਦੀ ਕਾਰਵਾਈ ਇਕ ਸੁਆਗਤ ਯੋਗ ਕਦਮ ਹੈ, ਖਾਸ ਤੌਰ ਤੇ ਇਸ ਲਈ ਕਿਉਂ ਜੁ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਆਪਣਾ ਅਧਿਕਾਰ ਜਮਾਉਣ ਵਿਚ ਮੁਕੰਮਲ ਤੌਰ ਤੇ ਫੇਲ੍ਹ ਰਹੀ ਅਤੇ ਮੁਖ ਗਰੰਥੀ ਵੀ ਇਸ ਸੇਧ ਵਿਚ ਕੋਈ ਕਦਮ ਚੁਕਣ ਵਿਚ ਨਾਕਾਮ ਰਹੇ। ਜੇ ਇਹ ਖਤਰਾ ਮੁਕਦਾ ਹੈ ਅਤੇ ਹਰਮੰਦਰ ਸਾਹਿਬ ਦੀ ਪਵਿਤਰਤਾ ਬਹਾਲ ਹੁੰਦੀ ਹੈ ਤਾਂ ਆਮ ਆਦਮੀ ਨਿਸਚੇ ਹੀ ਖੁਸ਼ ਹੋਵੇਗੀ। ਹਾਲਤ ਇਹ ਹੋ ਚੁਕੀ ਸੀ ਕਿ ਆਮ ਸ਼ਰਧਾਲੂ ਵੀ ਹਰਮੰਦਰ ਸਾਹਿਬ ਅੰਦਰ ਜਾਣੋਂ ਹਟ ਗਏ ਸਨ ਕਿਉਂ ਜੁ ਹਰ ਕੋਈ ਜਾਨ ਨੂੰ ਖਤਰਾ ਮਹਿਸੂਸ ਕਰਦਾ ਸੀ। ਸਹਿਜੇ ਸਹਿਜੇ ਰੋਜ਼ਾਨਾ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਘਟਦੀ ਗਈ। ਏਥੋਂ ਤਕ ਕਿ ਉਘੇ ਅਕਾਲੀ ਆਗੂ ਜੋ ਕਿ ਬੜਾ ਰੌਲਾ ਪਾਉਂਦੇ ਹਨ ਹਰਮੰਦਰ ਸਾਹਿਬ ਅੰਦਰ ਜਾਣ ਦੀ ਹਿੰਮਤ ਨਹੀਂ ਸਨ ਕਰ ਪਾ ਰਹੇ।

ਸੁਰਖਿਆ ਦਲਾਂ ਦੀ ਕਾਰਵਾਈ ਦੀ ਸਫਲਤਾ ਦਾ ਅਰਥ ਇਹ ਨਹੀਂ ਲਿਆ ਜਾਣਾ ਚਾਹੀਦਾ ਅਤੇ ਪੰਜਾਬ ਵਿਚ ਹਾਲਤ ਆਮ ਵਰਗੀ ਹੋਣ ਵਲ ਜਾ ਰਹੀ ਹੈ ਅਤੇ ਅਮਨ ਬਹਾਲ ਹੋ ਜਾਵੇਗਾ। ਇਹ ਗਲ ਹਾਲੇ ਬਹੁਤ ਦੂਰ ਦੀ ਹੈ। ਪਿਛਲੇ ਇਕ ਸਾਲ ਦਾ ਰੀਵੀਊ ਏਹੀ ਦਰਸਾਉਂਦਾ ਹੈ ਕਿ ਗਵਰਨਰੀ ਰਾਜ ਅਧੀਨ ਹਾਲਤ ਸਗੋਂ ਹੋਰ ਤੇਜ਼ੀ ਨਾਲ ਖਰਾਬ ਹੁੰਦੀ ਗਈ। ਬਰਨਾਲਾ ਸਰਕਾਰ ਅਮਨ ਕਾਨੂੰਨ ਭੰਗ ਹੋਣ ਦੇ ਬਹਾਨੇ ਤੋੜੀ ਗਈ। ਜਦੋਂ ਮਾਰਚ ਵਿਚ ਮੌਤਾਂ ਦੀ ਗਿਣਤੀ 79 ਤਕ ਪਜ ਗਈ ਤਾਂ ਕੇਂਦਰੀ ਸਰਕਾਰ ਨੇ ਦਾਅਵਾ ਕੀਤਾ ਕਿ ਹਾਲਤ ਕੰਟਰੋਲ ਤੋਂ ਬਾਹਰੀ ਹੋ ਗਈ ਹੈ।

ਹਕੀਕਤ ਵਿਚ ਗਵਰਨਰੀ ਰਾਜ ਠੋਸਣ ਦਾ ਫੈਸਲਾ ਹਰਿਆਣੇ ਦੀਆਂ ਚੋਣਾਂ ਨੂੰ ਮੁੱਖ ਰਖਦਿਆਂ ਕੀਤਾ ਗਿਆ ਸੀ। ਇਸ ਕਦਮ ਨਾਲ ਕੇਂਦਰੀ ਸਰਕਾਰ ਨੇ ਉਹ ਛੋਟੀ ਜੇਹੀ ਤੰਦ ਵੀ ਤੋੜ ਦਿਤੀ ਜਿਹੜੀ ਲੌਂਗੋਵਾਲ ਅਕਾਲੀ ਦਲ ਦੇ ਸਿਆਸੀ ਅਦਾਰੇ ਨੇ ਸਿਖ ਜਨਤਾ ਨਾਲ ਬਣਾਈ ਹੋਈ ਸੀ। ਗਵਰਨਰੀ ਰਾਜ ਦੇ ਮੰਦੇ ਰੀਕਾਰਡ ਨੇ ਸਰਕਾਰ ਦੇ ਝੂਠੇ ਦਾਅਵੇ ਦਾ ਪਾਜ ਉਘੇੜਕੇ ਰਖ ਦਿਤਾ ਹੈ। ਦੇਸ਼ ਦੇ ਲੋਕ ਪੰਜਾਬ ਤੇ ਹੋਰ ਥਾਵਾਂ ਤੇ ਹੋ ਰਹੇ ਘਿਨਾਉਣੇ ਕਤਲਾਂ ਨੂੰ ਵੇਖ ਰਹੇ ਹਨ ਜਿਹਨਾਂ ਦੀ ਗਿਣਤੀ ਮਹੀਨੇ ਵਿਚ 150 ਤੋਂ ਵੀ ਉਪਰ ਟਪ ਗਈ ਹੈ। ਜਦੋਂ ਕਿ ਸੁਰਖਿਆ ਦਲ ਹਰਮੰਦਰ ਸਾਹਿਬ ਵਿਚਲੀ ਸਥਿਤੀ ਨਾਲ ਨਿਪਟ ਰਹੇ ਹਨ ਅੱਤਵਾਦੀਆਂ ਨੇ ਸੂਬੇ ਅੰਦਰ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿਤੀਆਂ ਹਨ।

ਇਸ ਤੋਂ ਪਹਿਲਾ ਸਰਕਾਰ ਵਲੋਂ ਅਕਾਲੀਆਂ ਨੂੰ ਬੇਅਸਰ ਕਰ ਦਿਤੇ ਜਾਣ ਨਾਲ, ਸ਼ਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ ਦੇ ਸਿਥਲ ਹੋਣ ਨਾਲ (ਇਹ ਆਪਣੇ ਦਫਤਰ ਅੰਦਰ ਜਾਂ ਕਿਸੇ ਵੀ ਗੁਰਦਵਾਰੇ ਅੰਦਰ ਆਪਣੀ ਮੀਟਿੰਗ ਨਾ ਕਰ ਸਕੀ। ਅੱਤਵਾਦੀ ਨਵੀਨ ਹਥਿਆਰਾਂ ਨਾਲ ਲੈਸ ਹੁੰਦੇ ਗਏ ਅਤੇ ਸਖਤ ਪਹਿਰੇ ਦੇ ਬਾਵਜੂਦ ਵੱਡੀ ਗਿਣਤੀ ਵਿਚ ਏ. ਕੇ. 47 ਰਾਈਫਲਾਂ, ਮਸ਼ੀਨ ਗੰਨਾ, ਰਾਕਟ ਲਾਂਚਰ ਆਦਿ ਹਰਮੰਦਰ ਸਾਹਿਬ ਅੰਦਰ ਲਿਜਾਣ ਵਿਚ ਸਫਲ ਹੋ ਗਏ।

ਹਾਲਤ ਇਹ ਹੈ ਕਿ ਅੰਮ੍ਰਿਤਸਰ ਅਤੇ ਗੁਰਦਾਸਪੁਰ ਜਿਲਿਆਂ ਦੇ ਪੇਂਡੂ ਖੇਤਰਾਂ ਵਿਚੋਂ ਘਟ-ਗਿਣਤੀ ਫਿਰਕੇ ਦੇ ਲੋਕ ਸ਼ਹਿਰਾਂ ਵਲ ਹਿਜਰਤ ਕਰ ਰਹੇ ਹਨ। ਏਥੋਂ ਤਕ ਕਿ ਇਹਨਾਂ ਖੇਤਰਾਂ ਵਿਚੋਂ ਸਿਖ ਵੀ ਹਿਜਰਤ ਕਰ ਰਹੇ ਹਨ। ਦਿੱਲੀ ਵਲ ਹਿਜਰਤ ਵਧ ਗਈ ਹੈ।

ਇਸ ਸਾਰੇ ਸਮੇਂ ਵਿਚ ਸੂਹੀਆ ਏਜੰਸੀਆਂ ਕਿੱਥੇ ਰਹੀਆਂ? ਇਹ ਕਿਵੇਂ ਹੋ ਗਿਆ ਕਿ ਗਵਰਨਰੀ ਰਾਜ ਦੌਰਾਨ ਏਨੀ ਵੱਡੀ ਗਿਣਤੀ ਵਿਚ ਹਥਿਆਰ ਅੰਦਰ ਲੈ ਜਾਣ ਦੀ ਆਗਿਆ ਦਿਤੀ ਗਈ? ਇਹ ਕਿਵੇਂ ਹੋ ਗਿਆ ਕਿ ਸਰਕਾਰਨੂੰ ਇਸ ਗਲ ਦਾ ਪਤਾ ਹੀ ਨਾ ਲੱਗਾ ਕਿ ਸ੍ਰੀ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਕਿੰਨੇ ਅੱਤਵਾਦੀ ਹਨ? ਸੂਹੀਆਂ ਏਜੰਸੀਆਂ ਮੁਕੰਮਲ ਤੌਰ ਤੇ ਨਾਕਾਮ ਹੋ ਗਈਆਂ ਅਤੇ ਸਰਕਾਰ ਕੋਲ ਇਸ ਗਲ ਦਾ ਕੋਈ ਉਤਰ ਨਹੀਂ।

ਸੁਰਖਿਆਂ ਦਲਾਂ ਦੀ ਤਾਜ਼ਾ ਕਾਰਵਾਈ ਪੰਜਾਬ ਵਿਚ ਅੱਤਵਾਦ ਦਾ ਖਾਤਮਾ ਨਹੀਂ ਕਰ ਸਕੇਗੀ। ਹਕੀਕਤ ਵਿਚ

ਸ

ਪਿਛਲੇ 9-10 ਦਿਨਾਂ ਵਿਚ ਸੁਰਖਿਆ ਦਲਾਂ ਦੀ ਕਾਰਵਾਈ ਦੇ ਨਾਲ ਨਾਲ ਹੀ ਅੱਤਵਾਦੀਆਂ ਵਲੋਂ ਕਤਲਾਂ ਦਾ ਸਿਲਸਿਲਾ ਵੀ ਤੇਜ਼ ਹੋਇਆ ਹੈ। ਇੰਜ ਭਾਸਦਾ ਹੈ ਜਿਵੇਂ ਸੂਬੇ ਵਿਚ ਕੋਈ ਪ੍ਰਬੰਧਕੀ ਮਸ਼ੀਨਰੀ ਨਾ ਹੋਵੇ। ਸਰਕਾਰ ਪੰਜਾਬੀ ਲੋਕਾਂ ਦੀ ਤਸੀਹਿਆਂ ਭਰੀ ਇਸ ਪਰਖ ਨੂੰ ਕਿਨ੍ਹਾਂ ਚਿਰ ਹੋਰ ਲਮਕਾਈ ਰੱਖਣ ਦੀ ਇੱਛਾ ਰਖਦੀ ਹੈ? ਸਥਿਤੀ ਬਾਰੇ ਇਸ ਦਾ ਆਪਣਾ ਅਨੁਮਾਨ ਗਲਤ ਸਾਬਤ ਹੋਇਆ ਹੈ। ਇਹ ਇਸ ਤੱਥ ਨੂੰ ਨਹੀਂ ਸਮਝਦੀ ਕਿ ਮੁੱਖ ਲੀਡਰਸ਼ਿਪ ਜਿਹੜੀ ਪੰਥਕ ਕਮੇਟੀ ਦੇ ਨਾਂ ਹੇਠ ਕੰਮ ਕਰਦੀ ਹੈ ਉਹ ਉਸੇ ਸਰਬਤ ਖਾਲਸਾ ਦੀ ਪੈਦਾਇਸ਼ ਹੈ ਜਿਸ ਨੇ ਕਿ ਜਸਬੀਰ ਸਿੰਘ ਰੋਡੇ ਨੂੰ ਪੈਦਾ ਕੀਤਾ ਅਤੇ ਜਿਸ ਦਾ ਕਿ ਉਸਨੇ ਖੰਡਨ ਨਹੀਂ ਕੀਤਾ ਅਤੇ ਉਹ ਸਥਿਤੀ ਉਸੇ ਤਰਾਂ ਕਾਇਮ ਹੈ। ਸਾਨੂੰ ਇਹ ਤੱਥ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਸਮੇਂ ਇਕ ਹਜ਼ਾਰ ਤੋਂ ਪੰਦਰਾਂ ਸੌ ਦੇ ਦਰਮਿਆਨ ਅੱਤਵਾਦੀਆਂ ਨੂੰ ਇਸ ਪੰਥਕ ਵਾਦੀਆਂ ਵਜੋਂ ਨਵੀਆਂ ਭਰਤੀਆਂ ਕਰਨ ਲਈ ਕਿਸੇ ਕਿਸਮ ਦੀ ਬਿਲਕੁਲ ਕੋਈ ਕਮੀ ਨਹੀਂ। ਬੇਰੁਜ਼ਗਾਰ ਨੌਜਵਾਨ ਜਦੋਂ ਗੁਰਦੁਆਰਿਅ ਅੰਦਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਅੰਮ੍ਰਿਤਪਾਣ ਕਰਵਾਦਿਆ ਜਾਂਦਾ ਹੈ ਅਤੇ ਬੰਦੂਕਾਂ ਤੇ ਕੁਝ ਧੰਨ ਉਹਨਾਂ ਨੂੰ ਦਿਤਾ ਜਾਂਦਾ ਹੈ।

ਜਦੋਂ ਕਿ ਪ੍ਰਬਾਸਨ ਠੁੱਸ ਹੋਕੇ ਰਹਿ ਗਿਆ ਹੈ ਸਮਾਜ-ਵਿਰੋਧੀ ਤੱਤ ਵੀ ਅੱਤਵਾਦ ਦੇ ਬੁਰਕੇ ਹੇਠ ਸਰਗਰਮ ਹਨ। ਪਾਕਿਸਤਾਨ ਕਾਰਨ ਜਿਸ ਦੀ ਪਿੱਠ ਉੱਤੇ ਸਾਮਰਾਜੀ ਹਨ, ਇਕ ਬਹੁਤ ਵੱਡਾ ਕਾਰਕ ਹੈ ਅਤੇ ਸਰਕਾਰ ਇਸ ਨੂੰ ਸਿਰਫ ਖਤਰਾ ਮੁੱਲ ਲੈਕੇ ਹੀ ਅਣਡਿਠ ਕਰ ਸਕਦੀ ਹੈ। ਇਥੋਂ ਤਕ ਕਿ ਭਾਰਤ ਅਤੇ ਪਾਕਿਸਤਾਨ ਦੇ ਗ੍ਰਹਿ ਸਕੱਤਰਾਂ ਵਿਚਕਾਰ ਕੁਝ ਦਿਨ ਪਹਿਲਾਂ ਹੋਇਆ ਸਮਝੌਤਾ ਵੀ ਕਾਗਜ਼ ਉਤੇ ਹੀ ਰਹੇਗਾ ਜਦੋਂ ਤਕ ਕਿ ਅਫਸਰਸ਼ਾਹੀ ਸਮਝੌਤੇ ਵਿਚ ਵਿਸ਼ਵਾਸ਼ ਕਰਨਾ ਸ਼ੁਰੂ ਨਹੀਂ ਕਰ ਦਿੰਦੀ।

ਏਥੋਂ ਤਕ ਕਿ ਜੇ ਸਰਕਾਰ ਚੇਤਨ ਰਾਜਨੀਤਕ ਸ਼ਕਤੀਆਂ ਅਤੇ ਸੇਹਤਮੰਦ ਤੱਤਾਂ ਦੀ ਆਵਾਜ਼ ਨੂੰ ਨਹੀਂ ਸੁਣਨਾ ਚਾਹੁੰਦੀ ਤਾਂ ਵੀ ਇਸ ਨੂੰ ਘਟੋ ਘੱਟ ਇਹ ਗੱਲ ਜਰੂਰ ਸਮਝਣੀ ਚਾਹੀਦੀ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੂੰ ਪੰਜਾਬ ਨਾਲ ਸਬੰਧਤ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਤਿਖੀ ਅਲੋਚਨਾ ਕਰਨ ਲਈ ਕਿਉਂ ਖੁਲਕੇ ਬਾਹਰ ਆਉਣਾ ਪਿਆ ਹੈ। ਪੰਜਾਬ ਦੀ ਪੀ. ਸੀ. ਸੀ ਨੇ ਇਹ ਸਟੈਂਡ ਇਸ ਲਈ ਲਿਆ ਕਿਉਂਕਿ ਉਸਨੇ ਇਹ ਮਹਿਸੂਸ ਕਰ ਲਿਆ ਕਿ ਇਨ੍ਹਾਂ ਨੀਤੀਆਂ ਨੇ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਨਾਲੋਂ ਬੁਰੀ ਤਰ੍ਹਾਂ ਨਿਖੇੜ ਦਿੱਤਾ ਹੈ ਅਤੇ ਉਨ੍ਹਾਂ ਦਾ ਕੋਈ ਜਨਤਕ ਆਧਾਰ ਨਹੀਂ ਰਿਹਾ।

ਜਿਥੋਂ ਤੱਕ ਲੋਕਾਂ ਦਾ ਸਬੰਧ ਹੈ ਉਹ ਅੱਤਵਾਦੀਆਂ ਤੋਂ ਪੂਰੀ ਤਰ੍ਹਾਂ ਅੱਕ ਚੁੱਕੇ ਹਨ ਕਿਉਂਕਿ ਅੱਤਵਾਦੀ ਕਿਸੇ ਨੂੰ ਵੀ ਮੁਆਫ ਨਹੀਂ ਕਰਦੇ। ਉਹ ਮਾਸੂਮ ਲੋਕਾਂ ਨੂੰ ਕਤਲ ਕਰਦੇ ਹਨ ਭਾਵੇਂ ਉਹ ਹਿੰਦੂ ਹੋਣ ਤੇ ਭਾਵੇਂ ਸਿੱਖ। ਉਹ ਜਬਰੀ ਧੰਨ ਉਗਰਾਉਂਦੇ ਹਨ ਅਤੇ ਔਰਤਾਂ ਦੀ ਬੇਪਤੀ ਕਰਦੇ ਹਨ। ਇਹ ਸਭ ਕੁਝ ''ਖਾਲਿਸਤਾਨ'' ਦੇ ਨਾਂ ਹੇਠ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਸਪਸ਼ਟ ਕਾਰਨਾਂ ਕਰਕੇ ਕੇਂਦਰ ਵਿਰੁੱਧ ਲੋਕਾਂ ਦਾ ਗੁੱਸਾ ਓਨਾ ਹੀ ਜ਼ਿਆਦਾ ਤਿੱਖਾ ਹੈ। ਕੋਈ ਵੀ ਇਸ ਗੱਲ ਨੂੰ ਸਮਝ ਨਹੀਂ ਸਕਿਆ ਕਿ ਸਰਕਾਰ ਦੇ ਅੜਿੱਕਿਆਂ ਨੂੰ ਦੂਰ ਕਿਉਂ ਨਹੀਂ ਕਰਦੀ ਜਿਨ੍ਹਾਂ ਦੀ ਕਿ ਅੱਤਵਾਦੀ ਅਸਰਦਾਇਕ ਢੰਗ ਨਾਲ ਵਰਤੋਂ ਕਰ ਰਹੇ ਹਨ। ਜੇਕਰ ਉਨ੍ਹਾਂ ਮੁੱਖ ਗਰੰਥੀਆਂ ਜਿਨ੍ਹਾਂ ਨੇ ਕਿ ਦਰਬਾਰ ਸਾਹਿਬ ਅੰਦਰੋਂ ''ਖਾਲਿਸਤਾਨ'' ਦਾ ਐਲਾਨ ਕੀਤਾ ਸੀ, ਨੂੰ ਸਰਕਾਰ ਰਿਹਾਅ ਕਰ ਸਕਦੀ ਹੈ ਤਾਂ ਫਿਰ ਇਸ ਦਾ ਕੀ ਕਾਰਨ ਹੈ ਕਿ ਜੋਧਪੁਰ ਦੇ ਮਾਸੂਮ ਨਜ਼ਰਬੰਦ ਚਾਰ ਸਾਲ ਦੀ ਕੈਦ ਪਿਛੋਂ ਵੀ ਜੇਲ੍ਹ ਵਿਚ ਬੰਦ ਹਨ।

ਦਿੱਲੀ ਦੇ ਦੰਗਿਆਂ ਨੇ ਸਮੁਚੇ ਰਾਸ਼ਟਰ ਨੂੰ ਹਿਲਾਕੇ ਰੱਖ ਦਿਤਾ। ਸਿਰਫ ਦੋ ਵਿਅਕਤੀਆਂ ਵਲੋਂ ਕੀਤੇ ਗਏ ਜੁਰਮ ਲਈ ਸਮੁਚੇ ਸਿੱਖ ਭਾਈਚਾਰੇ ਨੂੰ ਸਜ਼ਾ ਦਿਤੀ ਗਈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਜਾਨਾਂ ਜਾਂਦੀਆਂ ਰਹੀਆਂ। ਇਕ ਜਾਂਚ ਕਮਿਸ਼ਨ ਨੇ ਆਪਣੀ ਰਿਪੋਰਟ ਪੇਸ਼ ਕੀਤੀ। ਅਧਿਕਾਰੀਆਂ ਦੀ ਇਕ ਕਮੇਟੀ ਨੇ ਸਿਫਾਰਸ਼ਾਂ ਕੀਤੀਆਂ ਕਿ ਦੋਸ਼ੀ ਵਿਅਕਤੀਆਂ ਵਿਰੁਧ ਕੇਸ ਦਰਜ ਕੀਤੇ ਜਾਣ। ਛੇ ਮਹੀਨਿਆਂ ਤੋਂ ਵਧ ਦਾ ਸਮਾਂ ਬੀਤ ਗਿਆ ਹੈ ਪਰ ਉਹਨਾਂ ਵਿਰੁਧ ਅਜੇ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ।

ਜੁਲਾਈ 1985 ਵਿਚ ਰਾਜੀਵ ਗਾਂਧੀ ਨੇ ਲੌਂਗੋਵਾਲ ਨਾਲ ਇਕ ਸਮਾਂ ਬੱਧ ਸਮਝੌਤਾ ਕੀਤਾ ਸੀ। ਇਸ ਸਮਝੌਤੇ ਬਾਰੇ ਕੋਈ ਵੀ ਗੋਲਮੋਲ ਗਲ ਨਹੀਂ ਰਖੀ ਜਾ ਸਕੀ। ਤਿੰਨ ਸਾਲ ਬੀਤ ਗਏ ਹਨ ਪਰ ਇਸ ਦੀਆਂ ਵਿਵਸਥਾਵਾਂ ਨੂੰ ਅਮਲ ਵਿਚ ਲਿਆਉਣ ਲਈ ਕੁਝ ਨਹੀਂ ਕੀਤਾ ਗਿਆ। ਕੀ ਸਰਕਾਰ ਇਸ ਦਾ ਕੋਈ ਸਪਸ਼ਟੀਕਰਨ ਦੇ ਸਕਦੀ ਹੈ।

ਇਹੀ ਕਾਰਨ ਹੈ ਜਿਸ ਨੇ ਕਿ ਲੋਕਾਂ ਨੂੰ ਏਨਾ ਜ਼ਿਆਦਾ ਗੁਸੇ ਵਿਚ ਲਿਆਂਦਾ ਹੈ ਕਿਉਂਕਿ ਇਹੀ ਲੋਕ ਸਨ ਜਿਨ੍ਹਾਂ ਅੱਤਵਾਦੀਆਂ ਵਲੋਂ ਇਸ ਸਮਝੌਤੇ ਦਾ ਬਾਈਕਾਟ ਕਰਨ ਦਾ ਸੱਦਾ ਦਿੱਤੇ ਜਾਣ ਦੇ ਬਾਵਜੂਦ ਇਸ ਦਾ ਸੁਆਗਤ ਕੀਤਾ ਅਤੇ ਇਸ ਲਈ ਆਪਣੀ ਭਾਰੀ ਹਿਮਾਇਤ ਪ੍ਰਗਟ ਕੀਤੀ। ਅੱਜ ਦੀ ਸਥਿਤੀ ਪੰਜਾਬ ਦੇ ਲੋਕਾਂ ਦੀ ਪੈਦਾ ਕੀਤੀ ਹੋਈ ਨਹੀਂ ਹੈ। ਇਹ ਰਾਜੀਵ ਸਰਕਾਰ ਦੀ ਬੇਈਮਾਨੀ ਹੈ ਜਿਸ ਨੇ ਕਿ ਅੱਤਵਾਦੀਆਂ ਦੇ ਵਧਣ ਫੁਲਣ ਲਈ ਏਨਾ ਜ਼ਰਖੇਜ਼ ਆਧਾਰ ਮੁਹੱਈਆ ਕੀਤਾ ਹੋਇਆ ਹੈ। ਏਥੋਂ ਤਕ ਕਿ ਹੁਣ ਜੇ ਸਰਕਾਰ ਅੱਤਵਾਦੀਆਂ ਦੇ ਇਕ ਵਰਗ ਨਾਲ ਸਮਝੌਤਾ ਕਰਨ ਦੀ ਕੋਸ਼ਸ਼ ਵੀ ਕਰਦੀ ਹੈ ਤੇ ਇਸ ਤਰਾਂ ਭਿੰਡਰਾਂਵਾਲੇ ਅਤੇ ਉਹਨਾਂ ਦੀ ਵਿਚਾਰਧਾਰਾ ਪੈਦਾ ਕਰਦੀ ਹੈ ਤਾਂ ਇਸ ਨਾਲ ਪੰਜਾਬ ਦਾ ਸੰਕਟ ਖਤਮ ਨਹੀਂ ਹੋਵੇਗਾ ਕਿਉਂਕਿ ਅਜਿਹਾ ਕਰਕੇ ਸਿਰਫ ਅੱਤਵਾਦ ਲਈ ਵਿਚਾਰਧਾਰਕ ਆਧਾਰ,


# WHEATON
## PONTIAC BUICK GMC LTD.

ਨਵੀਆਂ ਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜਿਮੀ ਲੈਣ ਲਈ ਆਪਣੇ ਜਾਣੇ ਪਛਾਣੇ ਸੇਲਜ਼ਮੈਨ ਨੂੰ ਮਿਲੋ

ਕੁਲਦੀਪ ਸਿੰਘ ਝੰਡ ਨੂੰ ਫੂਨ ਕਰੋ ਜਾਂ ਮਿਲੋ

Bus. 526-2781
Res. 524-4137

Pager 687-7711 #7610

325 - 12th St., New Westminster, B.C.


ਕੁਲਦੀਪ ਸਿੰਘ ਝੰਡ

# ਧਾਰਮਿਕ ਸਥਾਨਾਂ ਨੂੰ ਰਾਜਸੀ ਮੰਤਵਾਂ ਲਈ ਵਰਤਣ 'ਤੇ ਮਨਾਹੀ

ਫਿਰਕੂ ਸਦਭਾਵਨਾ ਤੇ ਅਮਨ ਲਈ ਜ਼ਰੂਰੀ ਹੈ ਕਿ ਧਰਮ ਨਿਰਪੱਖਤਾ ਦੇ ਅਸੂਲਾਂ ਦੀ ਅਮਲ 'ਚ ਦ੍ਰਿੜ ਪਾਲਣਾ ਕੀਤੀ ਜਾਵੇ। ਭਾਰਤ ਵਰਗੇ ਬਹੁ ਧਰਮਾਂ ਵਾਲੇ ਦੇਸ਼ ਵਿਚ ਜਿਥੇ ਕਈ ਧਰਮਾਂ ਦੇ ਅਨੁਆਈ ਲੋਕ ਵਸਦੇ ਹਨ, ਜਿਥੇ ਹਿੰਦੂ ਧਰਮ ਬਹੁ ਗਿਣਤੀ ਵਸੋਂ ਦਾ ਧਰਮ ਹੈ ਅਤੇ ਮੁਸਲਮ, ਸਿੱਖ ਤੇ ਇਸਾਈ ਆਦਿ ਘਟ ਗਿਣਤੀ ਵਸੋਂ ਦੇ ਧਰਮ ਹਨ, ਇਹ ਹੋਰ ਵੀ ਜ਼ਰੂਰੀ ਬਣ ਜਾਂਦਾ ਹੈ ਕਿ ਫਿਰਕੂ-ਸਦਭਾਵਨਾ ਤੇ ਅਮਨ ਕ ਇਮ ਰਖਣ ਲਈ ਅਤੇ ਘੱਟ ਗਿਣਤੀਆਂ ਦੇ ਧਾਰਮਿਕ ਅਧਿਕਾਰਾਂ ਦੀ ਰਾਖੀ ਵਾਸਤੇ ਧਰਮ ਨਿਰਪੱਖਤਾ ਦੇ ਅਸੂਲ ਦੀ ਇਸ ਦੇ ਸਹੀ ਵਿਗਿਆਨਕ ਅਰਥਾਂ ਵਿਚ ਪਾਲਣਾ ਕੀਤੀ ਜਾਵੇ, ਭਾਵ ਜ਼ਮੀਰ ਦੀ ਆਜ਼ਾਦੀ ਦੇ ਜਮਹੂਰੀ ਅਸੂਲ ਦੀ ਗਰੰਟੀ ਕਰਦਿਆਂ ਧਰਮ ਨੂੰ ਰਾਜ ਤੋਂ ਅਤੇ ਵਿਦਿਆ ਤੋਂ ਅਲੱਗ ਰਖਿਆ ਜਾਵੇ, ਧਰਮ ਇਸਦੇ ਵਿਸ਼ਵਾਸ਼ੀਆਂ ਦਾ ਵਿਅਕਤੀਗਤ ਮਾਮਲਾ ਰਹੇ।

ਐਪਰ ਭਾਰਤ 'ਚ ਬਾਵਜੂਦ ਇਸ ਤੱਥ ਦੇ ਕਿ ਸੰਵਿਧਾਨ ਵਿਚ ਧਰਮ ਨਿਰਪੱਖਤਾ ਦੇ ਅਸੂਲ ਅੰਕਤ ਹਨ, ਇਹਨਾਂ ਉੱਪਰ ਅਮਲ ਨਹੀਂ ਹੋਇਆ। ਖੁਦ ਹਾਕਮ ਪਾਰਟੀ, ਕਾਂਗਰਸ (ਇੰ) ਜਿਹੜੀ ਦੇਸ਼ ਦੀ ਅਜ਼ਾਦੀ ਪਿਛੋਂ ਸਿਵਾਏ ਢਾਈ ਸਾਲ ਦੇ ਸਾਰਾ ਸਮਾਂ ਸਤਾ ਵਿਚ ਰਹੀ ਹੈ, ਇਸ ਅਸੂਲ ਦੀ ਪਾਲਣਾ ਨਹੀਂ ਕਰਦੀ ਰਹੀ। ਬਾਵਜੂਦ ਇਸ ਦੇ ਦਾਅਵਿਆਂ ਦੇ ਸਚਾਈ ਇਹ ਹੈ ਕਿ ਇਸ ਵਲੋਂ ਗੈਰ ਧਰਮ ਨਿਰਪੱਖ ਰੁਝਾਨਾਂ ਨੂੰ ਅਸਰਦਾਰ ਢੰਗ ਨਾਲ ਰੋਕਣਾ ਤਾਂ ਦੂਰ ਰਿਹਾ, ਉਹ ਇਹਨਾਂ ਰੁਝਾਨਾਂ ਨੂੰ ਰਿਆਇਤਾਂ ਦਿੰਦੀ ਹੈ ਅਤੇ ਮਜ਼ਬੂਤ ਕਰਦੀ ਹੈ। ਇਸ ਦੇ ਆਗੂ, ਸਮੇਤ ਪ੍ਰਧਾਨ ਮੰਤਰੀ ਤੱਕ ਦੇ, ਨਿਰੰਤਰ ਧਰਮ ਨਿਰਪੱਖ ਸਟੈਂਡ ਨਹੀਂ ਲੈਂਦੇ ਸਗੋਂ ਖੁਦ ਹਨੇਰਬਿਰਤੀਵਾਦ ਦੇ ਸ਼ਿਕਾਰ ਹਨ। ਉਹ ਧਰਮ ਨਿਰਪੱਖਤਾ ਦੇ ਵਿਗਿਆਨਕ ਸੰਕਲਪ ਨੂੰ ਹੀ ਵਿਗਾੜਦੇ ਹਨ, ਉਹਨਾਂ ਦੇ ਅਨੁਸਾਰ ਧਰਮ ਤੇ ਰਾਜਨੀਤੀ ਨੂੰ ਪੂਰੀ ਤਰ੍ਹਾਂ ਵੱਖ ਕਰਨ ਦੀ ਥਾਂ ਧਰਮ ਨਿਰਪੱਖਤਾ ਦਾ ਅਰਥ ਹੈ ਸਭ ਧਾਰਮਿਕ ਵਿਸ਼ਵਾਸ਼ਾਂ ਨੂੰ ਲੋਕਾਂ ਦੇ ਰਾਜਸੀ ਜੀਵਨ ਵਿਚ ਦਖਲ ਦੇਣ ਦੀ ਬਰਾਬਰਤਾ ਦੀ ਖੁਲ੍ਹ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਭਾਵੇਂ ਬਹੁ-ਗਿਣਤੀ ਧਰਮ ਦੀ ਵਧੇਰੇ ਪੁੱਗਣ ਲਗਦੀ ਹੈ, ਪਰ ਸਾਰੇ ਧਰਮਾਂ ਦੀ ਹੀ ਰਾਜਨੀਤੀ ਵਿਚ ਮੁਦਾਖਲਤ ਵਧ ਜਾਂਦੀ ਹੈ। ਇਸ ਨਾਲ ਹਰ ਪ੍ਰਕਾਰ ਦੀ ਫਿਰਕਾਪ੍ਰਸਤੀ ਫੈਲਣੀ ਅਰੰਭ ਹੋ ਜਾਂਦੀ ਹੈ। ਏਥੇ ਹੀ ਬੱਸ ਨਹੀਂ ਹਾਕਮ ਜਮਾਤਾਂ ਆਪਣੇ ਸੌੜੇ ਜਮਾਤੀ ਹਿੱਤਾਂ ਨੂੰ ਅਗੇ ਖੜਨ ਖਾਤਰ ਜਨਤਕ ਲਹਿਰਾਂ 'ਚ ਫੁਟ ਪਾਉਣ ਲਈ ਲੋਕਾਂ ਦੀ ਜਮਾਤੀ ਏਕਤਾ ਤੋੜਨ ਲਈ ਵੱਖ-ਵੱਖ ਫਿਰਕਿਆਂ 'ਚ ਮਤਭੇਦਾਂ ਨੂੰ ਹਵਾ ਦੇਣ ਤੋਂ ਵੀ ਨਹੀਂ ਹਿਚਕਚਾਉਂਦੀਆਂ। ਹਾਲ ਹੀ ਵਿਚ ਇੰਕਾ ਨੇ ਹਰ ਪ੍ਰਕਾਰ ਦੇ ਧਾਰਮਿਕ ਰੂੜੀਵਾਦੀਆਂ ਅਗੇ ਗੋਡੇ ਟੇਕੇ ਹਨ, ਸਤੀ ਪ੍ਰਥਾ, ਮੁਸਲਮ ਇਸਤ੍ਰੀ ਕਾਨੂੰਨ ਅਤੇ ਅਕਾਲ ਤਖਤ ਦੇ ਜਥੇਦਾਰ ਤੇ ਦੂਸਰੇ ਤਖਤਾਂ ਦੇ ਜਥੇਦਾਰਾਂ ਨੂੰ ਰਿਹਾਅ ਕਰਕੇ ਇਹਨਾਂ ਨਾਲ ਸੌਦੇਬਾਜ਼ੀ ਕਰਨ ਦੀ ਪਹੁੰਚ ਇਸਦੀਆਂ ਉਘੜਵੀਆਂ ਮਿਸਾਲਾਂ ਹਨ। ਇੰਕਾ ਹਾਕਮ ਆਪਣੇ ਤੰਗ ਹਿਤਾਂ ਖਾਤਰ ਹਰ ਪ੍ਰਕਾਰ ਦੇ ਫਿਰਕਾਪ੍ਰਸਤਾਂ ਨਾਲ ਗਾਂਢੇ ਸਾਂਢੇ ਕਰਨ ਤੋਂ ਗੁਰੇਜ ਨਹੀਂ ਕਰਦੇ, ਇਸ ਪਹੁੰਚ ਨਾਲ ਫਿਰਕੂ ਅਮਨ ਭਲੇ ਹੀ ਕਿਉਂ ਨਾ ਭੰਗ ਹੋ ਜਾਵੇ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਵੀ ਖਤਰੇ 'ਚ ਕਿਉਂ ਨਾ ਪੈ ਜਾਵੇ। ਸੰਚਾਰ ਮਾਧਿਅਮ ਟੀ. ਵੀ., ਰੇਡੀਉ ਵੀ ਰੂੜੀਵਾਦ ਨੂੰ ਮਜ਼ਬੂਤ ਕਰਨ ਵਾਲੀ ਸਮਗਰੀ ਹੀ ਦੇ ਰਿਹਾ ਹੈ। ਸਮੁੱਚੇ ਤੌਰ ਤੇ ਇੰਕਾ ਦੀਆਂ ਇਹਨਾਂ ਨੀਤੀਆਂ ਦਾ ਹੀ ਸਿੱਟਾ ਹੈ ਕਿ ਦੇਸ਼ 'ਚ ਧਾਰਮਿਕ ਰੂੜੀਵਾਦ ਘਿਨਾਉਣਾ ਸਿਰ ਚੁੱਕ ਬੈਠਾ ਹੈ, ਸਾਮਰਾਜੀ ਇਹਨਾਂ ਰੂੜੀਵਾਦੀਆਂ ਨੂੰ ਸ਼ਹਿ ਤੇ ਮਦਦ ਦੇ ਕੇ ਦੇਸ਼ ਨੂੰ ਟੋਟੇ ਕਰਨ ਦੇ ਮਨਸੂਬੇ ਸਾਕਾਰ ਕਰਨ ਵਲ ਵਧ ਰਹੇ ਹਨ।

ਪੰਜਾਬ 'ਚ ਅਕਾਲੀ ਆਗੂਆਂ ਦੇ ਸਿੱਖਾਂ ਦੀ ਧਰਮ ਤੇ ਰਾਜਨੀਤੀ ਇਕ ਹੋਣ ਦੇ ਗਲਤ ਸਿਧਾਂਤ ਪੇਸ਼ ਕਰਨ ਦੇ ਮੰਤਕੀ ਸਿੱਟੇ ਸਭ ਦੇ ਸਾਹਮਣੇ ਹਨ। ਇਸ ਗਲਤ ਸਿਧਾਂਤ 'ਤੇ ਅਮਲ ਕਾਰਨ ਗੁਰਦੁਆਰਿਆਂ ਉਤੇ ਅੱਤਵਾਦੀ ਵੱਖਰ ਦੀ ਹੀ ਕਾਬਜ਼ ਨਹੀਂ ਹੋ ਗਏ, ਇਹਨਾਂ ਵੱਖਵਾਦੀਆਂ ਨੇ ਇਹਨਾਂ ਪੂਜਾ ਦੇ ਸਥਾਨਾਂ ਦੀ ਰਾਸ਼ਟਰ ਵਿਰੋਧੀ ਤੇ ਸਮਾਜ ਵਿਰੋਧੀ ਦੁਰਕਾਰਿਆਂ ਲਈ ਵਰਤੋਂ ਕਰਕੇ ਇਹਨਾਂ ਦੀ ਘੋਰ ਬੇਅਦਬੀ ਹੀ ਨਹੀਂ ਕੀਤੀ, ਸਗੋਂ ਅਕਾਲੀ ਆਗੂ ਖੁਦ ਵੀ ਅਰਥਹੀਣ ਹੋ ਕੇ ਰਹਿ ਗਏ ਹਨ। ਪੰਜਾਬੀਆਂ ਨੇ ਹਾਕਮ ਜਮਾਤਾਂ ਦੀਆਂ ਇਹਨਾਂ ਗਲਤ ਨੀਤੀਆਂ ਦੇ ਕਾਰਨ ਬਹੁਤ ਅਸਹਿ ਨੁਕਸਾਨ ਝਲਿਆ ਹੈ। ਅਸੀਂ ਤਾਂ ਮੁੱਢ ਤੋਂ ਹੀ ਇਸ ਦ੍ਰਿੜ ਵਿਚਾਰ ਦੇ ਰਹੇ ਹਾਂ ਕਿ ਧਰਮ ਨੂੰ ਰਾਜਨੀਤੀ ਤੋਂ ਅਡ ਰਖਿਆ ਜਾਵੇ ਧਾਰਮਿਕ ਸਥਾਨਾਂ ਦੀ ਗੈਰ ਧਾਰਮਿਕ ਮੰਤਵਾਂ ਭਾਵ ਰਾਜਨੀਤਕ ਮੰਤਵਾਂ ਆਦਿ ਲਈ ਵਰਤੋਂ ਨਾ ਹੋਵੇ। ਇਸ ਕਰਕੇ ਅਸੀਂ ਐਸ. ਜੀ. ਪੀ. ਸੀ. ਉਪਰ ਨਿਰੰਤਰ ਜ਼ੋਰ ਦਿੰਦੇ ਰਹੇ ਹਾਂ ਕਿ ਉਹ ਆਪਣੀ ਜਿਮੇਂਵਾਰੀ ਨਿਭਾਏ ਅਤੇ ਹਰਮੰਦਰ ਸਾਹਿਬ ਕੰਪਲੈਕਸ 'ਤੇ ਦੂਸਰੇ ਗੁਰੂਦੁਆਰਿਆਂ ਨੂੰ ਰਾਸ਼ਟਰ ਵਿਰੋਧੀ ਤੇ ਸਮਾਜ ਵਿਰੋਧੀ ਅਨਸਰਾਂ ਦੇ ਅਡੇ ਬਨਣ ਤੋਂ ਰੋਕੇ। ਅਸੀਂ ਅਕਾਲੀ ਆਗੂਆਂ 'ਤੇ ਵੀ ਇਸੇ ਗਲ ਦਾ ਜ਼ੋਰ ਦਿੰਦੇ ਰਹੇ ਹਾਂ ਕਿ ਉਹ ਆਪਣੇ ਧਰਮ ਤੇ ਰਾਜਨੀਤੀ ਇਕ ਹੋਣ ਦੇ ਗਲਤ ਸਿਧਾਂਤ ਦੇ ਮੰਤਕੀ ਸਿਟਿਆਂ ਤੋਂ ਸਬਕ ਸਿਖਕੇ ਅੱਤਵਾਦੀਆਂ-ਵੱਖਵਾਦੀਆਂ ਤੋਂ ਸਪੱਸ਼ਟ ਨਿਖੇੜਾ ਕਰਨ ਅਤੇ ਭਿੰਡਰਾਂਵਾਲਾਵਾਦ ਦਾ ਖੰਡਨ ਕਰਨ।

ਧਾਰਮਿਕ ਸਥਾਨਾਂ ਨੂੰ ਰਾਜਸੀ ਤੇ ਹੋਰ ਉਦੇਸ਼ਾਂ ਲਈ ਵਰਤਣ 'ਤੇ ਰੋਕ ਲਾਉਂਦਾ ਰਾਸ਼ਟਰਪਤੀ ਵਲੋਂ ਜਾਰੀ ਕੀਤਾ ਆਰਡੀਨੈਂਸ ਇਸੇ ਪਰਸੰਗ ਵਿਚ ਵਾਚਿਆ ਜਾਣਾ ਚਾਹੀਦਾ ਹੈ। ਧਾਰਮਿਕ ਸੰਸਥਾਵਾਂ ਦੀ ਕੁਵਰਤੋਂ ਨੂੰ ਰੋਕਣ ਬਾਰੇ ਆਰਡੀਨੈਂਸ 1988, ਦੀ ਧਾਰਾ ਤਿੰਨ 'ਚ ਕਿਹਾ ਗਿਆ ਹੈ ਕਿ ਕੋਈ ਵੀ ਧਾਰਮਿਕ ਸੰਸਥਾ ਜਾਂ ਇਸਦਾ ਮੈਨੇਜਰ ਸੰਸਥਾ ਦੇ ਕਿਸੇ ਅਹਾਤੇ ਜਾਂ ਇਸ ਦੇ ਕੰਟਰੋਲ ਹੇਠਲੇ ਕਿਸੇ ਸਥਾਨ ਦੀ ਹੇਠ ਲਿਖੇ ਮੰਤਵਾਂ ਲਈ ਨਾ ਆਪ ਵਰਤੋਂ ਕਰੇਗਾ ਅਤੇ ਨਾ ਕਿਸੇ ਹੋਰ ਨੂੰ ਵਰਤਣ ਦੀ ਆਗਿਆ ਦੇਵੇਗਾ : (ੳ) ਕਿਸੇ ਰਾਜਨੀਤਕ ਸਰਗਰਮੀ ਦੇ ਵਧਾਵੇ ਜਾਂ ਇਸ ਨੂੰ ਫੈਲਾਉਣ ਲਈ ਜਾਂ (ਅ) ਕਿਸੇ ਲਾਗੂ ਕਾਨੂੰਨ ਅਧੀਨ ਦੋਸ਼ੀ ਜਾਂ ਸਜ਼ਾ ਪ੍ਰਾਪਤ ਵਿਅਕਤੀ ਨੂੰ ਪਨਾਹ ਦੇਣ ਲਈ (ੲ) ਕੋਈ ਹਥਿਆਰ ਜਾਂ ਅਸਲਾ ਭੰਡਾਰ ਕਰਨ

ਹੀ ਪੈਦਾ ਹੋਵੇਗਾ।

ਸਰਕਾਰ ਨੇ ਕਈ ਤਜਰਬੇ ਕੀਤੇ ਹਨ ਤੇ ਉਹ ਸਾਰਿਆਂ ਵਿਚ ਹੀ ਬੁਰੀ ਤਰ੍ਹਾਂ ਅਸਫਲ ਰਹੀ ਹੈ। ਇਸ ਨੂੰ ਆਪਣੀ ਨੀਤੀ ਵਿਚ ਰੈਡੀਕਲ ਤਬਦੀਲੀ ਲਿਆਉਣੀ ਚਾਹੀਦੀ ਹੈ। ਇਸ ਨੂੰ ਆਪਣੇ ਸੌੜੇ ਅਤੇ ਪਾਰਟੀ ਹਿੱਤਾਂ ਤੋਂ ਉਪਰ ਉਠਕੇ ਰਾਸ਼ਟਰੀ ਹਿੱਤਾਂ ਨੂੰ ਪਹਿਲ ਦੇਣੀ ਚਾਹੀਦੀ ਹੈ। ਸਰਕਾਰ ਨੂੰ ਉਪਰੋਕਤ ਵਰਨਣ ਢੰਗ ਨਾਲ ਰਾਜਨੀਤਕ ਪਹਿਲਕਦਮੀ ਕਰਨੀ ਚਾਹੀਦੀ ਹੈ ਅਤੇ ਵੇਖਣਾ ਚਾਹੀਦਾ ਹੈ ਕਿ ਪੰਜਾਬੀ ਲੋਕ ਇਹਦਾ ਕਿਵੇਂ ਹੁੰਗਾਰਾ ਭਰਦੇ ਹਨ।

ਸਰਕਾਰ ਅਤੇ ਇਸਦੀ ਅਫਸਰਸ਼ਾਹੀ ਵਲੋਂ ਪੈਦਾ ਕੀਤੀਆਂ ਗਈਆਂ ਮੁਸ਼ਕਲਾਂ ਦੇ ਬਾਵਜੂਦ ਖੱਬੀਆਂ ਤਾਕਤਾਂ ਅੱਤਵਾਦੀਆਂ ਵਿਰੁਧ ਲੜ ਰਹੀਆਂ ਹਨ ਤੇ ਭਾਰੀ ਕੁਰਬਾਨੀਆ ਦੇ ਰਹੀਆਂ ਹਨ। ਰਾਜਨੀਤਕ ਹਲ ਲਈ, ਇਕ ਦੇਸ਼-ਵਿਆਪੀ ਮੁਹਿੰਮ ਚਲਾਈ ਗਈ ਹੈ। ਬਹੁਤ ਸਾਰੀਆਂ ਦੇਸ਼ ਭਗਤ ਤਾਕਤਾਂ, ਧਰਮ-ਨਿਰਲੇਪ ਲੋਕ ਅਤੇ ਜਮਹੂਰੀਅਤ ਪਸੰਦ ਲੋਕ ਇਸ ਮੁਹਿੰਮ ਵਿਚ ਸ਼ਾਮਲ ਹੋ ਰਹੇ ਹਨ। ਸਾਨੂੰ ਪੂਰਾ ਭਰੋਸਾ ਹੈ ਕਿ ਸਮੁਚੇ ਦੇਸ਼ ਦੇ ਲੋਕਾਂ ਦੀ ਹਿਮਾਇਤ ਨਾਲ ਇਹ ਮਹਾਨ ਸ਼ਕਤੀ ਸਰਕਾਰ ਨੂੰ ਕੁਝ ਕਰਨ ਲਈ ਮਜਬੂਰ ਕਰ ਦੇਵੇਗੀ ਤਾਂ ਜੋ ਪੰਜਾਬ ਵਿਚ ਆਮ ਵਰਗੇ ਹਾਲਾਤ ਬਹਾਲ ਕੀਤੇ ਜਾ ਸਕਣ ਤੇ ਰਾਸ਼ਟਰੀ ਏਕਤਾ ਦੀ ਰਾਖੀ ਕੀਤੀ ਜਾ ਸਕੇ।

# ਕਾਲੀ ਗਰਜ ਨੇ ਕਾਲੇ ਕਾਰੇ ਨੰਗੇ ਕੀਤੇ

'ਕਾਲੀ ਗਰਜ' ਕਾਰਵਾਈ ਦੀ ਸਫ਼ਲਤਾ ਤੋਂ ਪਿਛੋਂ ਅੱਤਵਾਦੀ-ਵੱਖਵਾਦੀ ਤੱਤਾਂ ਦੇ ਉਹ ਸਾਰੇ ਹੀ ਕਾਲੇ ਕਾਰਨਾਮੇ ਲੋਕਾਂ ਸਾਹਮਣੇ ਆ ਗਏ ਹਨ ਜਿਹੜੇ ਕਿ ਉਹ ਪਵਿੱਤਰ ਅਸਥਾਨ ਵਿਚ ਕਰਦੇ ਰਹੇ।

ਇਹ ਕਾਲੇ ਕਾਰਨਾਮੇ ਕੀ ਹਨ :

—ਬੇਗੁਨਾਹ ਲੋਕਾਂ ਨੂੰ ਕਤਲ ਕਰਕੇ ਅੱਤਵਾਦੀ ਹਤਿਆਰੇ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਪਨਾਹ ਲੈਂਦੇ ਰਹੇ।

—ਅੱਤਵਾਦੀ ਤੱਤ ਦਰਬਾਰ ਸਾਹਿਬ ਦੀਆਂ ਪਰਕਰਮਾ ਅੰਦਰ ਬਣੇ ਕਮਰਿਆਂ ਵਿਚ ਆਮ ਲੋਕਾਂ ਨੂੰ ਤਸੀਹੇ ਦੇ ਦੇ ਕੇ ਮਾਰਦੇ ਰਹੇ ਅਤੇ ਫੇਰ ਪਿਛੋਂ ਉਹਨਾਂ ਦੀਆਂ ਲਾਸ਼ਾਂ ਕੰਪਲੈਕਸ ਅੰਦਰ ਹੀ ਦਬਾਅ ਦਿੰਦੇ ਰਹੇ।

—ਅੱਤਵਾਦੀ ਤੱਤ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਾਲੇ ਕਮਰਿਆਂ ਅੰਦਰ ਔਰਤਾਂ ਨੂੰ ਵੀ ਰਖਦੇ ਰਹੇ ਜੋ ਕਿ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਂਦੀਆਂ ਹੋਈਆਂ ਇਹਨਾਂ ਦੇ ਕਾਬੂ ਆ ਜਾਂਦੀਆਂ ਜਾਂ ਜਿਹੜੀਆਂ ਇਹਨਾਂ ਨੂੰ ਚੰਗੀਆਂ ਲਗਦੀਆਂ। ਪਿਛਲੇ ਦਿਨ ਇਸ ਖੇਤਰ ਵਿਚੋਂ ਤਿੰਨ ਅੰਮ੍ਰਿਤਧਾਰੀ ਔਰਤਾਂ ਦੇ ਪਿੰਜਰ ਮਿਲਣ ਨਾਲ ਇਸ ਗਲ ਦੀ ਪੁਸ਼ਟੀ ਹੋ ਗਈ ਹੈ।

—ਅੱਤਵਾਦੀ ਤੱਤ ਹਰਮੰਦਰ ਸਾਹਿਬ ਦੀਆਂ ਪਰਕਰਮਾਂ ਵਾਲੇ ਕਮਰਿਆਂ ਵਿਚੋਂ ਆਮ ਲੋਕਾਂ ਨੂੰ ਧਮਕੀ ਪੱਤਰ ਲਿਖਦੇ ਰਹੇ ਅਤੇ ਇਸ ਤਰਾਂ ਵਡੀਆਂ ਵੱਡੀਆਂ ਰਕਮਾਂ ਵਸੂਲਦੇ ਰਹੇ। ਜਿਹੜਾ ਇਹਨਾਂ ਅਗੇ ਨਾਂਹ-ਨੁਕਰ ਕਰਦਾ ਰਿਹਾ ਜਾਂ ਉਚੀ ਬੋਲਦਾ ਰਿਹਾ ਉਸ ਨੂੰ ਇਹ ਪਾਰ ਬੁਲਾ ਦਿੰਦੇ ਰਹੇ।

ਹਰਮੰਦਰ ਸਾਹਿਬ ਕੰਪਲੈਕਸ ਅੰਦਰ ਅੱਤਵਾਦੀ ਤੱਤ ਨਾ ਕੇਵਲ ਮਰਦਾਂ ਨੂੰ ਸਗੋਂ ਔਰਤਾਂ ਨੂੰ ਵੀ ਕਈ ਕਿਸਮ ਦੇ ਤਸੀਹੇ ਦਿੰਦੇ ਰਹੇ ਅਤੇ ਹੋਰ ਹਰ ਤਰਾਂ ਦੇ ਨੀਚ ਕੰਮ ਕਰਦੇ ਰਹੇ।

—ਕਾਲੀ ਗਰਜ ਕਾਰਵਾਈ ਦੇ ਦੌਰਾਨ ਅੱਤਵਾਦੀ ਤੱਤਾਂ ਨੇ ਤਿੰਨ ਦਿਨ ਹਰਮੰਦਰ ਸਾਹਿਬ ਦੀ ਬਿਲਡਿੰਗ ਅੰਦਰ ਰਹਿਕੇ ਜਿਸ ਢੰਗ ਨਾਲ ਅੰਦਰ ਗੰਦ ਖਲਾਰਿਆ ਅਤੇ ਪਖਾਨੇ ਦੇ ਟੱਬ ਭਰੇ ਉਸ ਸਭ ਕੁਝ ਨੇ ਇਹਨਾਂ ਦੇ ਮੂੰਹ ਮਹਾਂਦਰੇ ਅਤੇ ਹੀਜ ਪਿਆਜ਼ ਨੰਗਾ ਕਰਕੇ ਰੱਖ ਦਿਤਾ ਹੈ।

—ਪ੍ਰੈਸ ਵਿਚ ਇਹਨਾਂ ਦੇ ਕਾਰਿਆਂ ਸਬੰਧੀ ਬਹੁਤ ਕੁਝ ਛਪ ਚੁਕਾ ਹੈ ਅਤੇ ਹੱਥ ਖੜੇ ਕਰਕੇ ਬਾਹਰ ਆਏ ਅੱਤਵਾਦੀਆਂ ਤੋਂ ਪੁਛ-ਪੜਤਾਲ ਦੇ ਦੌਰਾਨ ਜਿਥੇ ਹੋਰ ਬਹੁਤ ਸਾਰੇ ਅਹਿਮ ਭੇਦ ਸਾਹਮਣੇ ਆ ਰਹੇ ਹਨ ਉਥੇ ਨਾਲ ਹੀ ਨਾਲ ਇਸ ਗਲ ਤੋਂ ਵੀ ਪਰਦਾ ਲਹਿ ਰਿਹਾ ਹੈ ਕਿ ਇਹ ਲੋਕ ਕਿਸ ਤਰਾਂ ਬਦੇਸ਼ੀ ਸ਼ਕਤੀਆਂ ਦੇ ਇਸ਼ਾਰੇ ਉਤੇ ਸਾਰਾ ਕੁਝ ਕਰ ਰਹੇ ਸਨ।

ਕਾਲੀਗਰਜ ਕਾਰਵਾਈ ਦੀ ਸਮੁੱਚੇ ਤੌਰ ਉਤੇ ਫਿਲਮ ਲਈ ਗਈ ਹੈ ਜਿਸ ਵਿਚ ਹੋਰ ਬਹੁਤ ਸਾਰੇ ਤੱਥ ਮੌਜੂਦ ਹਨ।

ਅੱਤਵਾਦੀ ਤੱਤਾਂ ਨੇ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਰਹਿਕੇ ਜੋ ਕੁਝ ਵੀ ਕੀਤਾ ਉਸ ਨੂੰ ਮੁੱਖ ਰਖਦਿਆਂ ਆਮ ਸਿੱਖ ਜਨਤਾ ਵਿਚ ਭਾਰੀ ਗੁੱਸਾ ਹੈ ਅਤੇ ਉਹ ਦਰਬਾਰ ਸਾਹਿਬ ਦੇ ਕੀਤੇ ਗਏ ਅਪਮਾਨ ਤੋਂ ਡਾਢੇ ਦੁਖੀ ਹਨ।

ਸਾਡੀ ਰਾਏ ਵਿਚ ਹਰਮੰਦਰ ਸਾਹਿਬ ਕੰਪਲੈਕਸ ਅੰਦਰ ਜਿਹੜੇ ਵੀ ਕਾਰੇ ਅਤੇ ਗੁਨਾਹ ਅੱਤਵਾਦੀ ਤੱਤ ਕਰਦੇ ਰਹੇ ਉਹਨਾਂ ਦੀ ਆਮ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ—ਅਤੇ ਇਹਨਾਂ ਦੇਸ਼ ਧਰੋਹੀ ਤੱਤਾਂ ਦੇ ਪਾਕਿਸਤਾਨ ਦੀ ਫੌਜੀ ਜੁੰਡੀ ਨਾਲ ਅਤੇ ਸਾਮਰਾਜੀ ਸ਼ਕਤੀਆਂ ਨਾਲ ਨੇੜਤਾ ਅਤੇ ਸਾਂਝ ਭਿਆਲੀ ਬਾਰੇ ਇਕ ਸਫੇਦ ਪਤਰ ਵੀ ਜਾਰੀ ਕਰਨਾ ਚਾਹੀਦਾ ਹੈ।

ਆਮ ਸਿੱਖ ਜਨਤਾ ਨੂੰ ਇਹ ਦਸਿਆ ਜਾਣਾ ਚਾਹੀਦਾ ਹੈ ਕਿ ਜਿਹੜੇ ਵੀ ਲੋਕ ਹਰਮੰਦਰ ਸਾਹਿਬ ਦੇ ਅੰਦਰ ਰਹਿਕੇ ਜਾਂ ਬਾਹਰ ਬੇਗੁਨਾਹ ਲੋਕਾਂ ਨੂੰ ਕਤਲ ਕਰ ਰਹੇ ਹਨ ਜਾਂ ਵੱਖਵਾਦੀ ਨਾਹਰੇਬਾਜ਼ੀ ਕਰ ਰਹੇ ਹਨ ਇਹ ਪਾਕਿਸਤਾਨ ਦੀ ਫੌਜੀ ਜੁੰਡੀ ਨਾਲ ਅਤੇ ਸਾਮਰਾਜੀ ਸ਼ਕਤੀਆਂ ਨਾਲ ਘਿਓ-ਖਿਚੜੀ ਹਨ ਅਤੇ ਗਦਾਰ ਹਨ।

ਉਪਰੇਸ਼ਨ ਕਾਲੀ ਗਰਜ ਨੇ ਅੱਤਵਾਦੀ-ਵੱਖਵਾਦੀ ਤੱਤਾਂ ਦੇ ਜਿਹੜੇ ਕਾਲੇ ਕਾਰਨਾਮੇ ਬੇਨਕਾਬ ਕੀਤੇ ਹਨ ਉਹਨਾਂ ਸਭਨਾਂ ਤੋਂ ਹੀ ਪਰਦਾ ਲਹਿ ਜਾਣਾ ਚਾਹੀਦਾ ਹੈ—ਅਤੇ ਇਸ ਕੰਮ ਵਿਚ ਕਿਸੇ ਵੀ ਤਰਾਂ ਦੀ ਦੇਰੀ ਨਹੀਂ ਹੋਣੀ ਚਾਹੀਦੀ।

ਸਿੱਖੀ ਦੇ ਨਾਂ ਉਤੇ ਸਿੱਖਾਂ ਦੇ ਪਵਿਤਰ ਅਸਥਾਨ ਦਾ ਜਿਹੜਾ ਅਪਮਾਨ ਤੇ ਹੇਠੀ ਸਾਮਰਾਜੀ ਦਲਿਆਂ ਅੱਤਵਾਦੀ-ਵੱਖਵਾਦੀਆਂ ਤੱਤਾਂ ਨੇ ਕੀਤੀ ਹੈ ਉਸਨੇ ਮਥੇ ਰੰਘੜ ਦੇ ਕਾਰਿਆਂ ਨੂੰ ਵੀ ਮਾਤ ਪਾ ਦਿਤਾ ਹੈ। ●

ਲਈ, (ਸ) ਕਾਨੂੰਨ ਦੀ ਉਲੰਘਣਾ ਕਰਕੇ ਕਿਸੇ ਸਮਾਨ ਜਾਂ ਵਸਤਾਂ ਨੂੰ ਰਖਣ ਲਈ, (ਹ) ਕਿਸੇ ਲਾਗੂ ਕਾਨੂੰਨ ਅਧੀਨ ਪ੍ਰਵਾਨਗੀ ਲੈਣ ਤੋਂ ਇਨਾਂ ਧਾਰਮਿਕ ਸਥਾਨ ਵਿਚ ਕੋਈ ਉਸਾਰੀ, ਕਿਲਾਬੰਦੀ ਕਰਨ ਲਈ, ਜਿਸ ਵਿਚ ਬੇਸਮੈਂਟ, ਬੰਕਰ, ਟਾਵਰ ਅਤੇ ਕੰਧਾਂ ਸ਼ਾਮਲ ਹਨ। (ਕ) ਕਾਨੂੰਨੀ ਮਨਾਹੀ ਵਾਲੀ ਕੋਈ ਵੀ ਗੈਰ ਕਾਨੂੰਨੀ ਜਾਂ ਤੋੜ ਫੋੜ ਦੀ ਕਾਰਵਾਈ ਕਰਨ ਲਈ, (ਖ) ਕਿਸੇ ਵੀ ਅਜੇਹੀ ਕਾਰਵਾਈ ਲਈ ਜਿਹੜੀ ਆਪਸੀ ਸਦਭਾਵਨਾ ਨੂੰ ਨੁਕਸਾਨ ਪਹੁੰਚਾਏ, ਭਿੰਨ ਭਿੰਨ ਧਰਮਾਂ, ਨਸਲਾਂ, ਭਾਸ਼ਾਵਾਂ ਖਿਤਿਆਂ, ਜਾਂਜਾਤਾਂ ਜਾਂ ਫਿਰਕਿਆਂ ਵਿਚਕਾਰ ਦੁਸ਼ਮਣੀ, ਨਫਰਤ ਜਾਂ ਦੋਖੀ ਭਾਵਨਾਵਾਂ ਪੈਦਾ ਕਰੇ (ਗ) ਕੋਈ ਵੀ ਅਜੇਹੀ ਸਰਗਰਮੀ ਕਰਨ ਲਈ ਜਿਸ ਨਾਲ ਭਾਰਤ ਦੀ ਪ੍ਰਭੂਸਤਾ ਅਤੇ ਏਕਤਾ ਤੇ ਅਖੰਡਤਾ ਨੂੰ ਠੇਸ ਪੁਜੇ (ਘ) ਕੌਮੀ ਮਾਨ ਕਾਨੂੰਨ 1971 ਦੀਆਂ ਵਿਵਸਥਾਵਾਂ ਦੀ ਉਲੰਘਣਾ ਕਰਦੀ ਕਿਸੇ ਕਾਰਵਾਈ ਲਈ।

ਆਰਡੀਨੈਂਸ ਦੀ ਧਾਰਾ 4 ਅਧੀਨ ਧਾਰਮਿਕ ਸਥਾਨ ਦੀ ਹਦੂਦ ਅੰਦਰ ਹਥਿਆਰ 'ਤੇ ਅਸਲਾ ਲਿਜਾਣ ਤੇ ਵੀ ਪਾਬੰਦੀ ਲਾਈ ਗਈ ਹੈ, ਇਸ ਵਿਚ ਸਿੱਖ ਧਰਮ ਨੂੰ ਮੰਨਣ ਵਾਲੇ ਨੂੰ ਕਿਰਪਾਨ ਪਹਿਨਣ ਤੇ ਲਿਜਾਣ ਦੀ ਅਤੇ ਕਿਸੇ ਹੋਰ ਧਰਮਦੇ ਨਿਸ਼ਾਨ ਚਿਨ੍ਹ ਹਥਿਆਰਨੂੰ ਲਿਜਾਣ ਦੀ ਛੋਟ ਦਿਤੀ ਗਈ ਹੈ। ਆਰਡੀਨੈਂਸ ਵਿਚ ਇਸ ਦੀਆਂ ਵਿਵਸਥਾਵਾਂ ਦੀ ਉਲੰਘਣਾ ਕਰਨ ਵਾਲੇ ਧਾਰਮਿਕ ਸਥਾਨਾਂ ਦੇ ਮੈਨੇਜਰਾਂ ਅਤੇ ਦੂਸਰੇ ਮੁਲਾਜ਼ਮਾਂ ਲਈ ਪੰਜ ਸਾਲ ਕੈਦ ਜਾਂ 10000 ਰੁਪਏ ਜੁਰਮਾਨੇ ਦੀ ਵੀ ਵਿਵਸਥਾ ਕੀਤੀ ਗਈ ਹੈ। ਜੇ ਕੋਈ ਮੈਨੇਜਰ ਜਾਂ ਮੁਲਾਜ਼ਮ ਉਕਤ ਵਿਵਸਥਾ 'ਚ ਸਜ਼ਾ ਖਾ ਜਾਵੇ ਉਹ ਆਪਣੇ ਅਹੁਦੇ ਤੋਂ ਬੇਦਖ਼ਲ ਹੋ ਜਾਵੇਗਾ ਅਤੇ ਛੇ ਸਾਲ ਵਾਸਤੇ ਉਸ ਧਾਰਮਿਕ ਸੰਸਥਾ ਦਾ ਮੈਨੇਜਰ ਜਾਂ ਕਿਸੇ ਹੋਰ ਅਸਾਮੀ ਦਾ ਪਦ ਅਧਿਕਾਰੀ ਨਹੀਂ ਬਣ ਸਕੇਗਾ।

ਅਜ ਜਦੋਂ ਪਰਮੁਖ ਸੁਆਲ ਧਾਰਮਿਕ ਰੂੜੀਵਾਦ ਅਤੇ ਫਿਰਕਾ ਪ੍ਰਸਤੀ ਨੂੰ ਪਨਪਣ ਤੋਂ ਰੋਕਣ ਦਾ ਹੈ, ਅਜੇਹੀ ਕਾਨੂੰਨੀ ਵਿਵਸਥਾ ਦੇ ਨਾਲ ਜਿਹੜੀ ਗੱਲ ਅਤੀ ਜ਼ਰੂਰੀ ਹੈ, ਉਹ ਇਹ ਹੈ ਕਿ ਇੰਕਾਂ ਫਿਰਕਾਪ੍ਰਸਤਾਂ ਨੂੰ ਪਤਿਅਉਣ ਦੀ ਆਪਣੀ ਨੀਤੀ ਛਡੇ। ਧਰਮ ਨਿਰਪੱਖਤਾ ਦਾ ਪ੍ਰਚਾਰ ਕਰਕੇ ਅਤੇ ਵਿਦਿਆ ਨੂੰ ਧਰਮ ਨਿਰਪੱਖ ਬਣਾਕੇ ਆਮ ਲੋਕ ਰਾਏ ਨੂੰ ਦ੍ਰਿੜ ਧਰਮ ਨਿਰਪੱਖ ਵਿਚਾਰਾਂ ਦੀ ਧਾਰਨੀ ਬਣਾਇਆ ਜਾਵੇ। ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਧਰਮ ਨਿਰਪੱਖਤਾ ਦੀ ਪਾਲਣਾ ਅਤਿ ਜ਼ਰੂਰੀ ਹੈ।

ਫਿਰਨ ਗਏ ਹਤਿਆਰੇ ਕਿਉਂ ਨੇ ?
ਕਾਤਲ ਆਖ ਮੁਹਾਰੇ ਕਿਉਂ ਨੇ ?
ਏਸ ਵੱਡ-ਪ੍ਰਵਾਰੇ ਲੋਕੀ
ਆਖਰ ਬਣੇ ਵਿਚਾਰੇ ਕਿਉਂ ਨੇ ?

# ਬਾਹਰਲੇ ਦੇਸਾਂ 'ਚ ਅਮਰੀਕੀ ਦਖਲ

ਅਮਰੀਕੀ ਸਾਮਰਾਜ ਨਾ ਕੇਵਲ ਐਟਮੀ-ਮਾਰੂ ਹਥਿਆਰ ਹੀ [illegible] ਕਰਨ ਵਿਚ ਰੁੱਝਾ ਹੋਇਆ ਹੈ ਸਗੋਂ ਇਸ [illegible] ਹਰ ਤਰਾਂ ਦੀ ਦਖਲ-ਅੰਦਾਜ਼ੀ ਕੀਤੀ ਜਾ ਰਹੀ [illegible] ਅਤੇ ਜਮਹੂਰੀ ਸਰਕਾਰਾਂ ਨੂੰ ਉਲਟਾਉਣ ਲਈ ਕਈ ਤਰਾਂ [illegible] ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਕੱਠਪੁਤਲੀ ਸਰਕਾਰਾਂ ਸਥਾਪਤ ਕਰਨ ਲਈ ਹਰ ਤਰਾਂ ਦੇ ਯਤਨ ਹੋ ਰਹੇ ਹਨ।

ਅਮਰੀਕਾ ਦੀ ਅਗਵਾਈ ਵਿਚ ਸਾਮਰਾਜੀ ਦੇਸ ਸੰਸਾਰ ਅੰਦਰ ਨਵ-ਬਸਤੀਵਾਦੀ ਦੇਸਾਂ ਦੀਆਂ ਸਰਕਾਰਾਂ ਦੀ ਹਰ ਢੰਗ ਨਾਲ ਪਿੱਠ ਪੂਰ ਰਹੇ ਹਨ।

ਅੱਜ ਅਮਰੀਕਾ ਦੇ ਬਾਹਰਲੇ ਦੇਸਾਂ ਵਿਚ 2500 ਤੋਂ ਵੱਧ ਫੌਜੀ ਅੱਡੇ ਹਨ ਅਤੇ ਕੋਈ ਛੇ ਲੱਖ ਦੇ ਕਰੀਬ ਅਮਰੀਕੀ ਫੌਜਾਂ ਬਾਹਰਲੇ ਦੇਸਾਂ ਅੰਦਰ ਬੈਠੀਆਂ ਹੋਈਆਂ ਹਨ। ਉਹਨਾਂ ਬਾਹਰਲੇ ਦੇਸਾਂ ਵਿਚ ਅਮਰੀਕਾ ਨੇ ਹਜ਼ਾਰਾਂ ਹੀ ਯੁਧ ਨੀਤਕ ਨੂਕਲੀਅਰ ਵਾਰਹੈੱਡ ਰੱਖੇ ਹੋਏ ਹਨ ਜਿੰਨਾਂ ਦੀ ਗਿਣਤੀ ਚਾਰ ਹਜ਼ਾਰ ਤੋਂ ਵੱਧ ਹੈ।

ਜਿੰਨਾਂ ਦੇਸਾਂ ਵਿਚ ਅਮਰੀਕਾ ਦੇ ਫੌਜੀ ਅੱਡੇ ਹਨ ਉਹਨਾਂ ਅੰਦਰ ਤਾਂ ਅਮਰੀਕਾ ਦੀ ਹਰ ਤਰਾਂ ਦੀ ਦਖਲ-ਅੰਦਾਜ਼ੀ ਹੈ ਹੀ, ਹੋਰਨਾਂ ਲਾਗਲੇ ਦੇਸਾਂ ਅੰਦਰ ਹਰ ਤਰਾਂ ਦੀ ਮੁਦਾਖਲਤ ਕਰਨ ਲਈ ਅਮਰੀਕਾ ਉਹਨਾਂ ਦੀ ਵਰਤੋਂ ਕਰਦਾ ਹੈ ਜਿਵੇਂ ਕਿ ਥਾਈਲੈਂਡ, ਸਿੰਘਾਪੁਰ, ਇਸਰਾਈਲ, ਫਿਲਪਾਈਨ, ਦਖਣੀ ਅਫਰੀਕਾ, ਜਾਪਾਨ, ਇੰਡੋਨੇਸ਼ੀਆ ਆਦਿ।

ਅਮਰੀਕਾ ਦੇ ਕੇਵਲ ਦੂਸਰੇ ਦੇਸਾਂ ਦੀ ਧਰਤੀ ਵਿਚ ਹੀ ਅੱਡੇ ਨਹੀਂ ਹਨ ਸਗੋਂ ਸਮੁੰਦਰ ਵਿਚ ਵੀ ਅੱਡੇ ਹਨ। ਹਿੰਦ ਮਹਾਂਸਾਗਰ ਵਿਚ ਡੀਗੋਗਾਰਸ਼ੀਆ ਦਾ ਟਾਪੂ ਪਹਿਲਾਂ ਬਰਤਾਨੀਆਂ ਕੋਲ ਸੀ। ਇਸ ਨੂੰ ਕੁੰਜੀਵਤ ਥਾਂ ਸਮਝਦੇ ਹੋਏ ਅਮਰੀਕਾ ਨੇ ਅੱਜ ਤੋਂ ਇਕ ਦਹਾਕਾ ਪਹਿਲਾਂ ਇਹ ਅੱਡਾ ਖਰੀਦ ਲਿਆ ਅਤੇ ਇਸ ਦਾ ਪਸਾਰ ਕਰਨਾ ਆਰੰਭ ਦਿੱਤਾ। ਅੱਜ ਇਹ ਇਕ ਬਹੁਤ ਵੱਡਾ ਫੌਜੀ ਅੱਡਾ ਹੈ ਜੋ ਕਿ ਹਿੰਦ ਮਹਾਂਸਾਗਰ ਵਿਚ ਸਥਿਤ ਹੈ।

ਹਿੰਦ ਮਹਾਂਸਾਗਰ ਵਿਚ ਇਹ ਅਮਰੀਕੀ ਅੱਡਾ ਲਾਗਲੇ ਦੇਸਾਂ ਲਈ ਵੱਡੀ ਧਮਕੀ ਦਾ ਕਾਰਨ ਬਣਿਆਂ ਹੋਇਆ ਹੈ ਜਿੰਨਾਂ ਵਿਚ ਭਾਰਤ ਵੀ ਸ਼ਾਮਲ ਹੈ।

ਅਮਰੀਕਾ ਦੀ ਨਾ ਕੇਵਲ ਪਾਕਿਸਤਾਨ ਅੰਦਰ ਦਖਲ-ਅੰਦਾਜ਼ੀ ਹੀ ਵੱਧ ਰਹੀ ਹੈ ਸਗੋਂ ਉਸ ਵਲੋਂ ਇਸ ਦੇਸ ਨੂੰ ਆਪਣੇ ਪੁਰਾਣੇ ਦੀਓਗਾਨ ਵਰਗੇ ਫੌਜੀ ਅੱਡੇ ਵਿਚ ਬਦਲਣ ਦੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਾਕਿਸਤਾਨ ਅੰਦਰ ਕੁਝ ਅੱਡੇ ਅਜਿਹੇ ਹਨ ਜਿੰਨਾਂ ਦੀ ਅਮਰੀਕਾ ਨੂੰ ਵਰਤੋਂ ਕਰਨ ਦੀ ਖੁਲ੍ਹ ਹੈ।

ਅਪਰੈਲ ਦੇ ਪਹਿਲੇ ਹਫਤੇ ਮਨੀਲਾ ਵਿਖੇ ਫਿਲਪਾਈਨ ਅਤੇ ਅਮਰੀਕਾ ਦੇ ਅਧਿਕਾਰੀਆਂ ਦੀ ਗੱਲਬਾਤ ਹੋਈ। ਇਸ ਵਿਚ ਕਲਾਰਕ ਫੀਲਡ ਵਿਚਾਲੇ ਅਮਰੀਕੀ ਹਵਾਈ ਅੱਡੇ ਅਤੇ ਕਿਊਬਕ ਦੀ ਖਾੜੀ ਵਿਚਲੇ ਅਮਰੀਕੀ ਸਮੁੰਦਰੀ ਅੱਡੇ ਬਾਰੇ ਅਮਲ ਅਧੀਨ ਸਮਝੌਤੇ ਨੂੰ ਫਿਰ ਨਵਿਆਇਆ ਗਿਆ। ਇਸ ਤੋਂ ਬਿਨਾਂ ਇਹਨਾਂ ਦੀ ਵਰਤੋਂ ਦੇ ਬਦਲੇ ਕੁਝ ਹੋਰ ਰਿਆਇਤਾਂ ਅਤੇ ਮਦਦ ਆਦਿ ਪ੍ਰਾਪਤ ਕਰਨ ਬਾਰੇ ਵੀ ਸੌਦੇਬਾਜ਼ੀ ਤਹਿ ਹੋਈ। ਭਾਵੇਂ ਫਿਲਪਾਈਨ ਵਿਚ ਅਮਰੀਕੀ ਮੌਜੂਦਗੀ ਖਤਮ ਕਰਨ ਵਿਰੁੱਧ ਵਿਸ਼ਾਲ ਜਦੋ-ਜਹਿਦ ਚਲ ਰਹੀ ਹੈ ਪਰ ਅਮਰੀਕਾ ਇਸ ਕੁੰਜੀ-ਵੱਤ ਖੇਤਰ ਨੂੰ ਛੱਡਣਾ ਨਹੀਂ ਚਾਹੁੰਦਾ। ਏਸੇ ਨਿਸ਼ਾਨੇ ਦੀ ਪ੍ਰਾਪਤੀ ਤਹਿਤ ਹੀ ਅਮਰੀਕਾ ਫਿਲਪਾਈਨ ਵਿਚ ਹਰ ਤਰਾਂ ਦੀ ਦਖਲ-ਅੰਦਾਜ਼ੀ ਜਾਰੀ ਰੱਖ ਰਿਹਾ ਹੈ।

ਇਹ ਫੌਜੀ ਅੱਡੇ ਹੁਣ ਬੇਤੁਕੀਆਂ ਗੱਲਾਂ ਬਣ ਕੇ ਰਹਿ ਗਏ ਹਨ ਜੋ ਬਸਤੀਵਾਦ ਦੇ ਸਮੇਂ ਦਾ ਵਿਰਸਾ ਹੈ। ਪਰ ਅਮਰੀਕੀਆਂ ਦੀ ਸੋਚ ਅਨੁਸਾਰ ਉਹ ਏਸ਼ੀਆਈ ਫੌਜੀ ਦ੍ਰਿਸ਼ਾਵਲੀ ਦਾ ਹਿੱਸਾ ਬਣ ਚੁਕੇ ਹਨ। ਫਿਲਪਾਈਨ ਦੀ ਸੁਤੰਤਰਤਾ ਪ੍ਰਾਪਤੀ ਤੋਂ ਕੋਈ 50 ਸਾਲ ਪਹਿਲਾਂ ਹੀ ਅਮਰੀਕਾ ਨੇ ਉਹਨਾਂ ਨੂੰ ਵਰਤਣਾ ਸ਼ੁਰੂ ਕਰ ਦਿਤਾ ਸੀ। ਫਰਵਰੀ 1988 ਵਿਚ ਫਿਲਪਾਈਨ ਦੇ ਉਪਰਾਸ਼ਟਰਪਤੀ ਨੇ ਕਿਹਾ ਸੀ ਕਿ ਇਹਨਾਂ ਅੱਡਿਆਂ ਬਾਰੇ 1947 ਵਿਚ ਹੋਇਆ ਸਮਝੌਤਾ ਇਕ ਬਸਤੀਵਾਦੀ ਦਸਤਾਵੇਜ਼ ਹੈ।

ਫਿਲਪਾਈਨ ਦੇ ਅਧਿਕਾਰੀ ਤਾਂ ਇਹਨਾਂ ਅੱਡਿਆਂ ਦੇ ਅੰਦਰ ਵੀ ਜਾ ਨਹੀਂ ਸਕਦੇ। ਉਹਨਾਂ ਨੂੰ ਉਥੇ ਰਖੇ ਜਾਂਦੇ ਹਥਿਆਰਾਂ ਬਾਰੇ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਜਾਂਦੀ।

ਆਪਣੇ ਫੌਜੀ ਅੱਡੇ ਬਣਾਈ ਰੱਖਣ ਦੇ ਜਤਨ ਵਿਚ ਅਮਰੀਕਾ ਇਹ ਪਰਚਾਰ ਕਰ ਰਿਹਾ ਹੈ ਕਿ ਉਹ ਫਿਲਪਾਈਨ ਦੀ ਅਤੇ ਸਾਰੇ ਦੱਖਣ ਪੂਰਬੀ ਏਸ਼ੀਆ ਦੀ ਸਲਾਮਤੀ ਦੀ ਜ਼ਾਮਨੀ ਹਨ। ਪਰ ਫਿਲਪਾਈਨ ਦੇ ਬਦੇਸ਼ ਮਾਮਲਿਆਂ ਦੇ ਸਕੱਤਰ ਨੇ ਫਰਵਰੀ ਵਿਚ ਕਿਹਾ ਸੀ ਕਿ ਫਿਲਪਾਈਨ ਦੀ ਸਲਾਮਤੀ ਲਈ ਅਮਰੀਕੀ ਅੱਡਿਆਂ ਦੀ ਕੋਈ ਲੋੜ ਨਹੀਂ ਹੈ। ਅਕਤੂਬਰ1987


ਕਾਹਲੋਂ ਆਟੋ ਸਰਵਿਸ ਲਿਮਟਿਡ

**Kahlon Auto Service Ltd.**

11956 - 95A Ave. DELTA, B.C.

Ph. 585-1242

Special Free Steam Cleaning With Every Brake Job.

call us today : ਹੁਣੇ ਫ਼ੋਨ ਕਰੋਂ : 585-1242 Mubarak A. Chaudhary

ਬਰੇਕਸ, ਟੀਊਨਅੱਪ, ਸਟੀਮ ਕਲੀਨਿੰਗ, ਇੰਜਨ ਰੀਬੈਲਡ ਦੇ ਮਾਹਰ

ਹਰ ਬਾਰ ਬਰੇਕਾਂ ਦਾ ਕੰਮ ਕਰਵਾਉਣ ਸਮੇਂ ਮੁਫਤ ਵਿਚ ਸਟੀਮ ਕਲੀਨਿੰਗ ਦੀ ਸਰਵਿਸ ਦਿੱਤੀ ਜਾਂਦੀ ਹੈ

Complete Automotive Repairs

Special Prices On :— Wheel Alignment ■ Tune-ups ■ Brakes ■ Steam Cleaning ■ Engine Rebuilding

ਵਿਚ ਫਿਲਪਾਈਨ ਵਿਚਲੇ ਇੰਡੋਨੇਸ਼ੀਆਈ ਰਾਜਦੂਤ ਨੇ ਆਪਣੀ ਸਰਕਾਰ ਵਲੋਂ ਕਿਹਾ ਸੀ ਕਿ ਫਿਲਪਾਈਨ ਦੇ ਇਲਾਕੇ ਉਤੇ ਅਮਰੀਕੀ ਅੱਡੇ ਦੱਖਣ ਪੂਰਬੀ ਏਸ਼ੀਆ ਵਿਚ ਸਲਾਮਤੀ ਦੇ ਹਿੱਤਾਂ ਵਿਚ ਸਹਾਈ ਨਹੀਂ ਹੁੰਦੇ।

ਅਮਰੀਕੀ ਫੌਜੀ ਅੱਡੇ ਦੱਖਣ ਪੂਰਬੀ ਏਸ਼ੀਆ ਨੂੰ ਨਿਊਕਲਿਆਈ ਹਥਿਆਰਾਂ ਤੋਂ ਮੁਕਤ ਇਲਾਕਾ ਬਣਾਏ ਜਾਣ ਅਤੇ ਉਥੇ ਅਮਨ, ਸੁਤੰਤਰਤਾ ਤੇ ਨਿਰਪੱਖਤਾ ਦਾ ਖੰਡ ਕਾਇਮ ਕੀਤੇ ਜਾਣ ਸਬੰਧੀ ਆਸ਼ੀਆਨ ਦੇ ਦੇਸ਼ਾਂ ਦੀ ਮੁਹਿੰਮ ਵਿਚ ਰੁਕਾਵਟ ਬਣਦੇ ਹਨ। ਇਸ ਤੋਂ ਇਲਾਵਾ ਅਨੇਕ ਫਿਲਪਾਈਨੀਆਂ ਦਾ ਇਹ ਵਿਚਾਰ ਹੈ ਕਿ ਉਥੇ ਨਿਊਕਲਿਆਈ ਹਥਿਆਰ ਰਖੇ ਹੋਏ ਹਨ। ਇਹ ਅੱਡੇ ਉਸ ਸਮਝੌਤੇ ਦੇ ਵੀ ਉਲਟ ਹਨ ਜੋ ਆਸੀਆਨ ਦੀ ਸਥਾਪਨਾ ਸਮੇਂ ਸਹੀਬੰਦ ਕੀਤਾ ਗਿਆ ਸੀ। ਉਸ ਸਮਝੌਤੇ ਵਿਚ ਕਿਹਾ ਗਿਆ ਸੀ ਕਿ ਆਸੀਆਨ ਦੇ ਦੇਸ਼ਾਂ ਵਿਚ ਬਦੇਸ਼ੀ ਫੌਜੀ ਸਥਾਪਨਾਵਾਂ ਇਕ ਆਰਜ਼ੀ ਵਰਤਾਰਾ ਹਨ।

ਅਮਰੀਕੀ ਅੱਡਿਆਂ ਕਾਰਨ ਅਨੇਕ ਫਿਲਪਾਈਨੀਆਂ ਦੀ ਮੌਤ ਹੋਈ ਹੈ। ਕੁਝ ਸਾਲ ਪਹਿਲਾਂ ਕਿਊਬਿਕ ਦੀ ਖਾੜੀ ਦੇ ਡਿਪੂਆਂ ਦੇ 26 ਕਾਮੇ ਕਿਰਨਾਹਟ ਕਾਰਨ ਮਰ ਗਏ ਸਨ। ਇਸ ਤੋਂ ਪਤਾ ਲਗਦਾ ਹੈ ਕਿ ਉਥੇ ਕਿਰਨਾਹਟੀ ਵਸਤਾਂ ਅਤੇ, ਬਿਲਕੁਲ ਸੰਭਵ ਹੈ, ਨਿਊਕਲਿਆਈ ਹਥਿਆਰ ਰਖੇ ਗਏ ਹਨ।

ਅਮਰੀਕੀ ਅੱਡੇ ਫਿਲਪਾਈਨ ਦੇ ਅੰਦਰਲੇ ਮਾਮਲਿਆਂ ਵਿਚ ਦਖਲ ਦਾ ਵੀ ਸਾਧਨ ਹਨ। 28 ਅਗਸਤ 1987 ਨੂੰ ਅਕੀਨੋ ਦੀ ਸਰਕਾਰ ਨੂੰ ਉਲਟਾਉਣ ਦਾ ਯਤਨ ਕਰਨ ਵਾਲੇ ਅਨੇਕ ਬਾਗੀਆਂ ਨੇ ਉਥੇ ਹੀ ਪਨਾਹ ਲਈ ਸੀ। ਬਗਾਵਤ ਦੇ ਅਸਫਲ ਹੋ ਜਾਣ ਮਗਰੋਂ ਉਹਦਾ ਇਕ ਮੋਢੀ ਕਰਨੈਲ ਕਾਬਾਊਤਾਨ ਭੱਜ ਕੇ ਕਲਾਰਕ ਅੱਡੇ ਵਿਚ ਚਲਿਆ ਗਿਆ ਸੀ। ਉਹਨਾਂ ਤਾਂ ਉਥੇ ਪਤਰਕਾਰ ਸੰਮੇਲਨ ਵੀ ਕੀਤਾ। ਸੰਮੇਲਨ ਵਿਚ ਉਹਨੇ ਆਪਣੇ ਇਸ ਇਰਾਦੇ ਦਾ ਐਲਾਨ ਕੀਤਾ ਸੀ ਕਿ ਉਹ ਦੇਸ਼ ਦੀ ਕਾਨੂੰਨੀ ਸਰਕਾਰ ਵਿਰੁਧ ਦਹਿਸ਼ਤਵਾਦ ਦੀਆਂ ਕਾਰਵਾਈਆਂ ਜਾਰੀ ਰਖੇਗਾ।

ਫਿਲਪਾਈਨ ਵਿਚ ਅਮਰੀਕੀ ਫੌਜੀ ਅੱਡੇ ਕੇਵਲ ਅਮਰੀਕਾ ਦੇ ਹਿੱਤਾਂ ਦੀ ਹੀ ਪੂਰਤੀ ਕਰਦੇ ਹਨ। ਉਹ ਅਮਰੀਕਾ ਨੂੰ ਉਸ ਇਲਾਕੇ ਵਿਚ ਆਪਣੀ ਮੌਜੂਦਗੀ ਬਣਾਈ ਰੱਖਣ ਵਿਚ ਸਹਾਈ ਹੁੰਦੇ ਹਨ। ਉਹ ਇਹਨਾਂ ਕਰਕੇ ਫਿਲਪਾਈਨ ਦੇ ਘਰੇਲੂ ਮਾਮਲਿਆਂ ਵਿਚ ਦਖਲ ਦੇ ਸਕਦਾ ਹੈ।

ਫਿਲਪਾਈਨ ਦੇ ਲੋਕ ਅਮਰੀਕੀ ਹਿੱਤਾਂ ਦੀ ਪੂਰਤੀ ਦੀ ਬੜੀ ਭਾਰੀ ਕੀਮਤ ਚੁਕਾ ਰਹੇ ਹਨ। ਬਿਲਕੁਲ ਏਹੋ ਹਾਲ ਹੋਰ ਉਹਨਾਂ ਦੇਸ਼ਾਂ ਦੇ ਲੋਕਾਂ ਦਾ ਹੈ ਜਿਹਨਾਂ ਵਿਚ ਕਿ ਅਮਰੀਕਾ ਦੇ ਫੌਜੀ ਅੱਡੇ ਹਨ।

ਅਮਰੀਕੀ ਸਾਮਰਾਜ ਵਲੋਂ ਐਟਮੀ ਹਥਿਆਰ ਧੜਾਧੜ ਬਨਾਉਣ ਰਾਹੀਂ ਐਟਮੀ ਜੰਗੀ ਤਿਆਰੀਆਂ ਅਤੇ ਇਸਦੇ ਨਾਲ ਹੀ ਸੰਸਾਰ ਅੰਦਰ ਥਾਂ ਥਾਂ ਵਧ ਰਹੀ ਦਖਲ-ਅੰਦਾਜ਼ੀ ਏਹੀ ਦਰਸਾਉਂਦੀ ਹੈ ਕਿ ਉਸ ਵਲੋਂ ਸੰਸਾਰ ਉਤੇ ਮੁੜ ਕਬਜ਼ਾ ਕਰਨ ਦੀ ਹਵੱਸ ਤਜੀ ਨਹੀਂ ਗਈ।

ਅਮਰੀਕੀ ਸਾਮਰਾਜ ਵਲੋਂ ਸੰਸਾਰ ਨੂੰ ਐਟਮੀ ਜੰਗ ਦੀ ਭੱਠੀ ਵਿਚ ਝੋਕਣ ਵਿਰੁਧ ਜਿਵੇਂ ਥਾਂ-ਥਾਂ ਆਵਾਜ਼ (ਸਮੇਤ ਅਮਰੀਕਾ ਅੰਦਰ) ਉਚੀ ਹੋ ਰਹੀ ਹੈ ਇਵੇਂ ਹੀ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਅੰਦਰ ਸਥਾਪਤ ਹੋ ਚੁਕੇ ਅਮਰੀਕੀ ਅਡਿਆਂ ਵਿਰੁਧ ਵੀ ਸਬੰਧਤ ਦੇਸ਼ਾਂ ਦੇ ਲੋਕ ਆਵਾਜ਼ ਉਚੀ ਕਰ ਰਹੇ ਹਨ।

# ਸੂਰਜ

*ਗੁਰਮੀਤ ਹਿਯਾਤਪੁਰੀ*

ਝੁਰੜਿਆਂ ਚਿਹਰਿਆਂ ਵਾਲਿਓ ਕਿਰਤੀਓ
ਦੁਪਿਹਰੇ ਲੱਗੀ ਤੇਹ ਵਾਲੇ ਮੂਹੋਂ
ਸੂਰਜ ਨੂੰ ਗਾਲ੍ਹ ਨਈ ਕੱਢੀਦੀ
ਸੂਰਜ ਬੜੇ ਕੰਮ ਦੀ ਚੀਜ਼ ਹੁੰਦੀ ਏ
ਇਹ ਉਸ ਦਾ ਕਸੂਰ ਨਹੀਂ
ਕਿ ਤੁਹਾਡੀਆਂ ਕੁੜਤਿਉਂ ਸੱਖਣੀਆਂ ਕੰਡਾਂ
ਜ਼ਿਆਦਾ ਸੇਕ ਲੱਗੀ ਰੋਟੀ ਵਾਂਗ ਲੂਸੀਆਂ ਗਈਆਂ ਨੇ
ਤੇ ਤੁਹਾਡੇ ਨੰਗੇ ਪੈਰਾਂ ਦੀਆਂ ਬਿਆਈਆਂ ਵਿੱਚ
ਸੜਕ ਦੀ ਪਿੱਘਲੀ ਲੁੱਕ ਧੁਸ ਗਈ ਏ
ਕਾਮਿਓ—
ਉਦੋਂ ਸੂਰਜ ਬੜਾ ਰੋਂਦਾ ਏ ਤੁਹਾਡੀ ਸੋਚ ਤੇ
ਜਦੋਂ ਲੂਹ ਲੱਗੀ ਹੌਂਕਣੀ ਚੜੇ, ਕੰਮ ਕਰਦਿਆਂ
ਉਹਨੂੰ ਗਾਲ੍ਹ ਕੱਢਦੇ ਹੋ
ਤੇ ਥੱਕੇ ਟੁੱਟੇ ਸੁੱਕੀ ਰੋਟੀ ਚੱਬ
ਨੰਗੀ ਧਰਤ ਤੇ ਸੌਂਦੇ
ਰਾਤ ਨੂੰ ਅਸੀਸਾਂ ਦਿੰਦੇ ਹੋ
ਉਦੋਂ ਸੂਰਜ ਕੀ ਕਹਿੰਦਾ ਹੋਵੇਗਾ......
ਜਿਹਨੇ ਆਉਂਦੀ ਸਿਆਲ੍ਹ ਰੁੱਤੇ ਤੁਹਾਨੂੰ ਨਿੱਘ ਦੇਣਾ ਹੈ।


"Award Winning Photography"

ਡੈਲਟਾ-ਸਰੀ ਦੀ ਪੰਜਾਬੀ ਮਾਰਕਿਟ ਵਿਚ

## ਸੁਪਰ ਫੋਟੋ ਸਟੂਡੀਓ

ਪਾਸਪੋਰਟ ਅਤੇ ਵੀਜ਼ਾ ਆਦਿ ਦੀਆਂ ਫੋਟੋ ਪੰਜ ਮਿੰਟ ਵਿੱਚ ਤਿਆਰ

* ਸੁੰਦਰ ਡਵੇਲਪਮੇਂਟ ਲਈ ਰੀਲਾਂ ਸਾਡੇ ਕੋਲ ਲਿਆਓ
* ਪੁਰਾਣੀਆਂ ਫਟੀਆਂ ਤਸਵੀਰਾਂ ਮੁੜ ਨਵੀਆਂ ਕਰਦੇ ਹਾਂ

ਬਲੈਕ ਐਂਡ ਵਾਈਟ ਫੋਟੋ ਕਲਰ ਕੀਤੀਆਂ ਜਾਂਦੀਆਂ ਹਨ

ਵਿਆਹ ਸ਼ਾਦੀਆਂ ਦੀਆਂ ਬੇਹਤਰੀਨ ਤਸਵੀਰਾਂ

1-16x20-1-11x14-1-8x10 - FREE with wedding Photos (Call for details)



BALBIR SETIA

589-4668

**SUPER PHOTO STUDIOS**

**9375 - 120th Street (Scott Rd.), Delta. V4C 6R9**

# ਮਾਸਕੋ ਸਿਖਰ ਸੰਮੇਲਨ

ਸੋਵੀਅਤ ਯੂਨੀਅਨ ਅਤੇ ਅਮਰੀਕਾ ਵਿਚਕਾਰ ਮਾਸਕੋ ਵਿਖੇ ਜਿਹੜੀ ਸਿਖਰ ਵਾਰਤਾ ਚਲ ਰਹੀ ਸੀ ਉਸ ਦੇ ਭਾਵੇਂ ਅਜੇ ਉਹ ਸਿੱਟੇ ਸਾਹਮਣੇ ਨਹੀਂ ਆਏ ਜਿੰਨਾਂ ਦੀ ਕਿ ਆਸ ਕੀਤੀ ਜਾ ਰਹੀ ਸੀ ਤਾਂ ਵੀ ਦੋਹਾਂ ਦੇਸਾਂ ਦੇ ਆਗੂਆਂ ਵਿਚਕਾਰ ਜਿਹੜੇ ਦੋ ਸਮਝੌਤੇ ਹੋਏ ਹਨ ਉਹਨਾਂ ਤੋਂ ਇਹ ਆਸ ਬਝਦੀ ਹੈ ਕਿ ਹਥਿਆਰ ਘਟਾਉਣ ਵਲ ਅੱਗੇ ਵਧਿਆ ਜਾਵੇਗਾ ਅਤੇ ਵਾਰਤਾਵਾਂ ਦੀ ਜਿਹੜੀ ਲੜੀ ਅਰੰਭ ਹੋਈ ਹੈ ਉਹ ਅੱਗੇ ਤੁਰੀ ਜਾਵੇਗੀ।

ਮਾਸਕੋ ਵਿਖੇ ਦੋਹਾਂ ਦੇਸਾਂ ਦੇ ਆਗੂਆਂ ਦੀ ਖਤਮ ਹੋਈ ਵਾਰਤਾ ਤੋਂ ਪਿਛੋਂ ਜਾਰੀ ਕੀਤੇ ਗਏ ਬਿਆਨ ਅਨੁਸਾਰ ਸੋਵੀਅਤ ਯੂਨੀਅਨ ਅਤੇ ਅਮਰੀਕਾ ਸਮੁੰਦਰ ਅਤੇ ਜ਼ਮੀਨ ਉਤੇ ਮਾਰ ਕਰਨ ਵਾਲੀਆਂ ਅੰਤਰ-ਮਹਾਂਦੀਪ ਮਿਜ਼ਾਈਲਾਂ ਦੀ ਪਰਖ ਤੋਂ ਪਹਿਲਾਂ ਇਕ ਦੂਜੇ ਨੂੰ ਪੇਸ਼ਗੀ ਸੂਚਨਾ ਦੇਣ ਬਾਰੇ ਇਕ ਸਮਝੌਤੇ ਤੇ ਅਪੜ ਗਏ ਹਨ।

ਦੋਹਾਂ ਵੱਡੀਆਂ ਸ਼ਕਤੀਆਂ ਦੀ 11ਵੀਂ ਸਿਖਰ ਵਾਰਤਾ ਦੇ ਤੀਜੇ ਦਿਨ ਦੋਹਾਂ ਦੇਸਾਂ ਨੇ ਇਕ ਦੂਜੇ ਦੇ ਪ੍ਰਮਾਣੂ ਹਥਿਆਰਾਂ ਦੀ ਪਰਖ ਦੀ ਸਾਂਝੇ ਤੌਰ ਉਤੇ ਤਸਦੀਕ ਕਰਨ ਸਬੰਧੀ ਇਕ ਸਮਝੌਤੇ 'ਤੇ ਵੀ ਦਸਖਤ ਕੀਤੇ।

ਉਪਰੰਤ ਸਮਝੌਤਿਆਂ ਉਤੇ ਦਸਖਤ ਕਰਨ ਤੋਂ ਪਿੱਛੋਂ ਅਖਬਾਰੀ ਨੁਮਾਇੰਦਿਆਂ ਨਾਲ ਗਲਬਾਤ ਕਰਦਿਆਂ ਸਾਥੀ ਗੋਰਬਾਚੋਵ ਅਤੇ ਸ੍ਰੀ ਰੀਗਨ ਨੇ ਕਿਹਾ ਕਿ ਮਾਸਕੋ ਸਿਖਰ ਸੰਮੇਲਨ ਦੀ ਸਮਾਪਤੀ ਤੋਂ ਪਹਿਲਾਂ ਰਣਨੀਤਕ ਹਥਿਆਰਾਂ ਨੂੰ ਸੀਮਤ ਕਰਨ ਬਾਰੇ ਸੰਧੀ ਨੂੰ ਤਿਆਰ ਕਰਨਾ ਸੰਭਵ ਹੈ।

ਜੇ ਸਹਿਜੇ ਸਹਿਜੇ ਸੰਸਾਰ ਦੀਆਂ ਵੱਡੀਆਂ ਸ਼ਕਤੀਆਂ ਹਥਿਆਰਾਂ ਉਤੇ ਕੰਟਰੋਲ ਕਰਨ ਅਤੇ ਐਟਮੀ ਜੰਗ ਦੇ ਖਤਰੇ ਨੂੰ ਖਤਮ ਕਰਨ ਵਲ ਵਧ ਰਹੀਆਂ ਹਨ ਤਾਂ ਇਹ ਸਾਰਾ ਕੁਝ ਸਦੀਵੀ ਸੰਸਾਰ ਅਮਨ ਦੀ ਕਾਇਮੀ ਵਲ ਤਾਂ ਸੇਧਿਤ ਹੈ ਹੀ ਨਾਲ ਹੀ ਇਸ ਤੋਂ ਇਹ ਨਤੀਜਾ ਕੱਢੇ ਬਿਨਾ ਵੀ ਨਹੀਂ ਰਿਹਾ ਜਾ ਸਕਦਾ ਕਿ ਪਛਮੀ ਦੇਸਾਂ ਅੰਦਰ ਵਿਸ਼ੇਸ਼ ਕਰਕੇ ਅਮਰੀਕਾ ਅੰਦਰ ਐਟਮੀ ਜੰਗ ਦਾ ਵਿਰੋਧ ਬਹੁਤ ਤਿੱਖਾ ਹੋ ਰਿਹਾ ਹੈ। ਇਸ ਤੋਂ ਬਿਨਾ ਨਿਰਪਖ ਦੇਸਾਂ ਦੇ ਪਲੇਟਫਾਰਮ ਤੋਂ ਐਟਮੀ ਜੰਗ ਵਿਰਧ ਅਤੇ ਸੰਸਾਰ ਅਮਨ ਲਈ ਜਿਹੜੀ ਆਵਾਜ਼ ਉਚੀ ਹੋ ਰਹੀ ਹੈ ਉਸਦਾ ਵੀ ਬੜਾ ਤਕੜਾ ਪ੍ਰਭਾਵ ਪੈ ਰਿਹਾ ਹੈ।

ਅਮਰੀਕੀ ਸਾਮਰਾਜ ਸੰਸਾਰ ਸਾਮਰਾਜ ਦਾ ਮੋਹਰੀ ਹੈ ਅਤੇ ਇਹ ਗੱਲ ਇਕ ਹਕੀਕਤ ਹੈ ਕਿ ਸਾਮਰਾਜ ਆਪਣੀ ਉਮਰ ਲੰਮੀ ਕਰਨ ਲਈ ਜੰਗੀ ਵਾਤਾਵਰਨ ਕਾਇਮ ਰਖਣਾ ਚਾਹੁੰਦਾ ਹੈ ਅਤੇ ਆਪਣਾ ਅਸਰ ਰਸੂਖ ਵਧਾਉਣ ਲਈ ਅਜਿਹੇ ਦਾਅ-ਪੇਚ ਵਰਤਦਾ ਹੈ ਜਿੰਨਾਂ ਨਾਲ ਉਸਦੀ ਹੋਰ ਦੇਸਾਂ ਅੰਦਰ ਦਖਲ-ਅੰਦਾਜ਼ੀ ਵਧੇ। ਇਸ ਤੋਂ ਬਿਨਾ ਸਾਮਰਾਜ ਇਸ ਗੱਲ ਦੇ ਵੀ ਯਤਨ ਜਾਰੀ ਰਖਦਾ ਹੈ ਕਿ ਸੰਸਾਰ ਅੰਦਰ ਛੋਟੀਆਂ ਮੋਟੀਆਂ ਜੰਗਾਂ ਜਾਰੀ ਰਹਿਣ। ਏਹੋ ਹੀ ਨਹੀਂ ਸਾਮਰਾਜੀ ਸ਼ਕਤੀਆਂ ਦਾ ਆਗੂ ਅਮਰੀਕਾ ਇਹ ਸਕੀਮਾਂ ਵੀ ਬਣਾਈ ਬੈਠਾ ਹੈ ਕਿ ਸੋਸ਼ਲਿਸਟ ਕੈਂਪ ਦੀ ਸਭ ਤੋਂ ਵੱਡੀ ਸ਼ਕਤੀ—ਸੋਵੀਅਤ ਯੂਨੀਅਨ—ਨੂੰ ਐਟਮੀ ਹਥਿਆਰਾਂ ਨਾਲ ਹਮਲਾ ਕਰਕੇ ਖਤਮ ਕਰ ਦਿਤਾ ਜਾਵੇ ਅਤੇ ਇਸ ਤਰਾਂ ਸੰਸਾਰ ਉਤੇ ਫੇਰ ਆਪਣੀ ਧਾਂਕ ਜਮਾਈ ਜਾਵੇ। ਪਰ ਸੰਸਾਰ ਦੀ ਅਜੋਕੀ ਅਵਸਥਾ ਵਿਚ ਅਮਰੀਕੀ ਸਾਮਰਾਜ ਆਪਣਾ ਇਹ ਨਿਸ਼ਾਨਾ ਪ੍ਰਾਪਤ ਨਹੀਂ ਕਰ ਸਕਦਾ। ਇਸ ਦੇ ਰਾਹ ਵਿਚ ਅੜਿੱਕੇ ਕੀ ਹਨ?

1. ਸਭ ਤੋਂ ਪਹਿਲਾ ਅੜਿੱਕਾ ਇਹ ਹੈ ਕਿ ਸੰਸਾਰ ਸੋਸ਼ਲਿਸਟ ਕੈਂਪ ਦੀ ਮੁਖੀ ਸ਼ਕਤੀ, ਸੋਵੀਅਤ ਯੂਨੀਅਨ, ਕੋਲ ਵੀ ਹਰ ਤਰਾਂ ਦੇ ਨਵੀਨ ਹਥਿਆਰ ਹਨ ਤੇ ਉਹ ਅਮਰੀਕਾ ਦੇ ਹਰ ਤਰਾਂ ਦੇ ਹਮਲਿਆਂ ਨੂੰ ਪਿਛਾੜ ਸਕਦਾ ਹੈ। ਜੇ ਅਜੇ ਤਕ ਅਮਰੀਕੀ ਸਾਮਰਾਜ ਆਪਣੇ ਇਸ ਨਿਸ਼ਾਨੇ ਵਿਚ ਸਫਲ ਨਹੀਂ ਹੋ ਸਕਿਆ ਤਾਂ ਉਹ ਇਸ ਕਰਕੇ ਕਿ ਉਸ ਨੂੰ ਸੋਵੀਅਤ ਯੂਨੀਅਨ ਦੀ ਫੌਜੀ ਸ਼ਕਤੀ ਦਾ ਚੰਗਾ ਗਿਆਨ ਹੈ ਅਤੇ ਉਹ ਇਹ ਗੱਲ ਚੰਗੀ ਤਰਾਂ ਜਾਣਦਾ ਹੈ ਕਿ ਜੇ ਕੋਈ ਪੰਗਾ ਲਿਆ ਤਾਂ ਅੱਗੋਂ ਚੰਗੀ ਤਰਾਂ ਕੁਥਾੜ ਵੱਜੇਗਾ।

2. ਦੂਜਾ ਅੜਿਕਾ ਇਹ ਹੈ ਕਿ ਐਟਮੀ ਜੰਗ ਦੇ ਸੁਆਲ ਉੱਤੇ ਖੁਦ ਸਾਮਰਾਜੀ ਦੇਸ਼ਾਂ ਅੰਦਰ ਬਹੁਤ ਸਾਰੇ ਮਤ-ਭੇਦ ਹਨ। ਸੋਵੀਅਤ ਯੂਨੀਅਨ ਦੇ ਨੇੜਲੇ ਸਾਮਰਾਜੀ ਦੇਸ਼ ਇਹ ਗਲ ਚੰਗੀ ਤਰਾਂ ਸਮਝਦੇ ਹਨ ਕਿ ਜੇ ਐਟਮੀ ਜੰਗ ਛਿੜੀ ਤਾਂ ਸਭ ਤੋਂ ਪਹਿਲਾਂ ਉਹ ਤਬਾਹ ਹੋਣਗੇ। ਏਹੋ ਕਾਰਨ ਹੈ ਕਿ ਯੂਰਪ ਵਿਚ ਪਰਸ਼ਿੰਗ ਮਿਜ਼ਾਈਲਾਂ ਦੇ ਬੀੜੇ ਜਾਣ ਦੇ ਸਬੰਧ


ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ROYAL FURNITURE

ਰੌਇਲ ਫਰਨੀਚਰ ਲਿਮ:

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

Ph. 874-9525

- ਲਿਵਿੰਗ ਰੂਮ
- ਡਾਇਨਿੰਗ ਰੂਮ
- ਬੈਡ ਰੂਮ ਅਤੇ

ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ



PAUL TOOR

ਵਿਚ ਪਿਛਲੇ ਸਾਲਾਂ ਵਿਚ ਇਹਨਾਂ ਦੇਸ਼ਾਂ ਅੰਦਰ ਵਿਸ਼ਾਲ ਵਿਖਾਵੇ ਹੁੰਦੇ ਰਹੇ ਸਨ।

3. ਤੀਜਾ ਅਤਿਕਾ ਇਹ ਹੈ ਕਿ ਅਮਰੀਕਾ ਸਮੇਤ ਸਭਨਾਂ ਹੀ ਸਾਮਰਾਜੀ ਦੇਸਾਂ ਅੰਦਰ ਐਟਮੀ ਜੰਗ ਦੇ ਵਧ ਰਹੇ ਖਤਰਿਆਂ ਵਿਰੁੱਧ ਵਿਸ਼ਾਲ ਲਹਿਰ ਚਲਦੀ ਚਲੀ ਆ ਰਹੀ ਹੈ—ਅਤੇ ਇਸ ਲਹਿਰ ਵਿਚ ਉੱਘੇ ਸਾਇੰਸਦਾਨ, ਡਾਕਟਰ, ਵਕੀਲ ਅਤੇ ਹੋਰ ਬੁਧੀਜੀਵ ਸ਼ਾਮਲ ਹਨ। ਇਸ ਤੋਂ ਬਿਨਾਂ ਐਟਮੀ ਜੰਗ ਦੇ ਸੁਆਲ ਉਤੇ ਅਮਰੀਕਾ ਦੇ ਹਾਕਮ ਹਲਕਿਆਂ ਅੰਦਰ ਵੀ ਵੱਡੀਆਂ ਤਰੇੜਾਂ ਹਨ।

4. ਚੌਥਾ ਅਤਿਕਾ ਇਹ ਹੈ ਕਿ ਸੰਸਾਰ ਦੇ ਨਿਰਪਖ ਦੇਸਾਂ ਦੀ ਲਹਿਰ ਵਲੋਂ ਜੰਗ ਵਿਰੁੱਧ ਅਤੇ ਅਮਨ ਲਈ ਜਿਹੜੀ ਲਹਿਰ ਚਲਾਈ ਜਾ ਰਹੀ ਹੈ ਉਸ ਵਿਚ ਵਿਸ਼ੇਸ਼ ਕਰਕੇ ਅਮਰੀਕੀ ਸਾਮਰਾਜ ਉੱਤੇ ਹੀ ਉਂਗਲਾਂ ਧਰੀਆਂ ਜਾ ਰਹੀਆਂ ਹਨ ਕਿ ਉਹ ਸੰਸਾਰ ਨੂੰ ਐਟਮੀ ਜੰਗ ਦੀ ਭੱਠੀ ਵਿਚ ਸੁੱਟਣ ਲਈ ਬਜ਼ਿੱਦ ਹੈ।

'ਐਟਮੀ ਜੰਗ ਦੇ ਸਿੱਟੇ ਕੀ ਹੋਣਗੇ' ? ਇਹ ਸੁਆਲ ਸਮੁੱਚੇ ਸੰਸਾਰ ਵਿਚ ਹੀ ਬਹਿਸ ਦਾ ਵਿਸ਼ਾ ਬਣਿਆਂ ਚਲਾ ਆ ਰਿਹਾ ਹੈ ਅਤੇ ਹਰ ਥਾਂ ਹੀ ਇਸ ਬਹਿਸ ਦਾ ਤੋੜਾ ਇਸ ਨੁਕਤੇ ਤੇ ਆ ਕੇ ਹੀ ਝੜਦਾ ਹੈ ਕਿ ਜੇ ਐਟਮੀਂ ਜੰਗ ਛਿੜ ਗਈ ਤਾਂ ਇਹ ਕਿਸੇ ਇਕ ਖੇਤਰ ਤਕ ਸੀਮਤ ਨਹੀਂ ਰਹੇਗੀ ਸਗੋਂ ਸਮੁੱਚਾ ਸੰਸਾਰ ਹੀ ਇਸਦੇ ਜਬਾੜ੍ਹੇ ਵਿਚ ਆ ਕੇ ਤਬਾਹ ਹੋ ਜਾਵੇਗਾ।

ਉਪਰੋਕਤ ਬਿਆਨ ਕੀਤੇ ਗਏ ਕਾਰਨਾਂ ਕਰਕੇ ਹੀ ਜੰਗਬਾਜ਼ ਰੀਗਨ ਆਪਣੇ ਆਪ ਨੂੰ ਨਿਖੜਿਆ ਹੋਇਆ ਮਹਿਸੂਸ ਕਰ ਰਿਹਾ ਹੈ ਅਤੇ ਵਖ ਵਖ ਪਾਸਿਆਂ ਤੋਂ ਪਏ ਦਬਾਅ ਨੇ ਉਸਨੂੰ ਹਥਿਆਰ ਘਟਾਉਣ ਲਈ ਗੱਲਾਂਬਾਤਾਂ ਕਰਨ ਵਲ ਤੋਰਿਆ ਹੈ।

ਮਾਸਕੋ ਸਿਖਰ ਸੰਮੇਲਨ ਤੇ ਅਸੀਂ ਭਾਵੇਂ ਬਹੁਤੀਆਂ ਆਸਾਂ ਨਹੀਂ ਲਾਉਂਦੇ ਪਰ ਤਾਂ ਵੀ ਜੋ ਕੁਝ ਹੁਣ ਤਕ ਹੋ ਚੁਕਾ ਹੈ ਉਹ ਪਹਿਲਾਂ ਨਾਲੋਂ ਅੱਗੇ ਵੱਲ ਇਕ ਹੋਰ ਹੰਭਲਾ ਹੈ।

ਅਖੀਰ ਵਿਚ ਅਸੀਂ ਇਹ ਗੱਲ ਕਹੇ ਬਿਨਾਂ ਨਹੀਂ ਰਹਿ ਸਕਦੇ ਕਿ ਸੋਵੀਅਤ ਯੂਨੀਅਨ ਨੇ ਹਥਿਆਰ ਘਟਾਏ ਵਲ ਵਧਣ ਲਈ ਪਿਛਲੇ ਸਾਲਾਂ ਵਿਚ ਬਹੁਤ ਸਾਰੀਆਂ ਪਹਿਲ-ਕਦਮੀਆਂ ਲਈਆਂ ਹਨ ਅਤੇ ਅਮਰੀਕਾ ਨੂੰ ਗੱਲਬਾਤ ਦੀ ਮੇਜ਼ ਉੱਤੇ ਲਿਆਉਣ ਲਈ ਕਈ ਤਰਾਂ ਦੇ ਉਪਰਾਲੇ ਕੀਤੇ ਹਨ। ਇਸ ਸਾਰੇ ਪਿਛੋਕੜ ਵਿਚ ਇਹ ਕਹਿਣਾ ਕੋਈ ਗਲਤ ਨਹੀਂ ਹੋਵੇਗਾ ਕਿ ਸੋਵੀਅਤ ਯੂਨੀਅਨ ਸੰਸਾਰ ਨੂੰ ਐਟਮੀ ਜੰਗ ਦੇ ਵਧ ਰਹੇ ਖਤਰੇ ਤੋਂ ਬਚਾਉਣ ਲਈ ਪੂਰੀ ਵਾਹ ਲਾਉਂਦਾ ਚਲਾ ਆ ਰਿਹਾ ਹੈ ਭਾਵੇਂ ਕਿ ਅਮਰੀਕਾ ਵਲੋਂ ਐਟਮੀ ਜੰਗੀ ਤਿਆਰੀਆਂ ਦੇ ਪਿਛੋਕੜ ਵਿਚ ਉਸ ਨੂੰ ਵੀ ਆਪਣੇ ਬਚਾਅ ਲਈ ਹਰ ਤਰਾਂ ਦੇ ਹਥਿਆਰ ਬਨਾਉਣੇ ਪੈ ਰਹੇ ਹਨ ਅਤੇ ਹੋਰ ਹਰ ਤਰਾਂ ਦੀਆਂ ਪ੍ਰਬੰਧੀਆਂ ਕਰਨੀਆਂ ਪੈ ਰਹੀਆਂ ਹਨ।

(ਸਫਾ 23 ਦੀ ਬਾਕੀ)

ਗਾਂਧੀ ਨੂੰ ਸੁਖਦੇਵ ਦੇ ਖਤਾਂ ਬਾਰੇ ਦੱਸਿਆ। ਭਗਤ ਸਿੰਘ ਦੇ ਸਿਧਾਂਤ ਬਾਰੇ ਦੱਸਿਆ ਕਿ ਕਿਵੇਂ Individual terrorism ਫੇਲ੍ਹ ਹੁੰਦਾ ਹੈ ਤੇ ਲੋਕਾਂ ਦਾ ਇਕੱਠ ਕਿਵੇਂ ਕਾਮਯਾਬ ਹੁੰਦਾ ਹੈ। ਹੱਲ ਰਾਜੀਵ ਦਾ ਕਤਲ ਨਹੀਂ — ਹੱਲ ਵੋਟਾਂ ਦੇ ਡੱਬੇ 'ਚ ਹੈ ਤੇ ਸਿਸਟਮ ਬਦਲਣ 'ਚ ਹੈ।

ਕੁਲਵੰਤ ਦੇਸੀ ਨੇ ਸਿਆਸੀ ਹਾਲਾਤ ਤੇ ਕੇਂਦਰੀ ਸਰਕਾਰ ਦੀਆਂ ਬੇਇਨਸਾਫੀਆਂ ਤੇ ਚਾਨਣਾ ਪਾਇਆ ਤੇ ਲੋਕਤਾ ਦੀ ਮੱਦਦ ਲਈ ਅਪੀਲ ਕੀਤੀ।

ਤਰਸੇਮ ਪ੍ਰਮਾਰ (ਪ੍ਰਿੰਸ ਜਾਰਜ) ਜੋ ਰੇਡੀਓ ਆਰਟਿਸਟ ਰਹੇ ਹਨ ਨੇ ਭੀ ਇਕ ਗੀਤ ਗਾਇਆ।

ਸਟੇਜ ਸਕੱਤਰ ਤੇ ਈ. ਇੰਡੀਅਨ ਵਰਕਰਜ਼ ਐਸੋ: ਦੇ ਪ੍ਰਧਾਨ ਮਾਸਟਰ ਗੁਰਮੇਲ ਸਿੰਘ ਹੋਰੀਂ ਦੱਸਿਆ ਕਿ ਕਿਵੇਂ ਖਾਲਿਸਤਾਨ ਦੇ ਹਾਮੀ ਜਨ-ਸਾਧਾਰਨ ਨੂੰ ਉਲੂ ਬਣਾ ਰਹੇ ਹਨ। ਜੇ ਤੁਹਾਨੂੰ ਚੰਗਾ ਲਗਦਾ ਹੈ ਕਦੀ ਪੁੱਛ ਤਾਂ ਲਉ ਕਿ ਜਿਹੜੀ ਵਸਤੂ ਸਾਨੂੰ ਦੇ ਰਹੇ ਹੋ ਉਹ ਕਿੰਨਾਂ ਗੁਣਾਂ ਦੀ ਧਾਰਨੀ ਹੈ ਕਿਉਂਕਿ ਬਹੁਤੇ ਲੀਡਰਾਂ ਪਾਸ ਜਵਾਬ ਹੀ ਨਹੀਂ ਕਿ ਖਾਲਿਸਤਾਨ ਦਾ ਵਿਧਾਨ ਕੀ ਹੈ, ਹੱਦ ਕਿਥੇ ਤੱਕ ਹੈ, ਮਜ਼ਦੂਰਾਂ ਦੇ ਹੱਕ ਕੀ ਹਨ ਕੀ ਹਿੰਦੂ-ਸਿੱਖ ਸਭ ਨੂੰ ਆਹਲਾ ਨੌਕਰੀਆਂ ਮਿਲਣਗੀਆਂ।

ਜੋਅ ਕਲਾਰਕ ਦੀ ਚਿੱਠੀ ਤੇ ਤਿੰਨਾਂ ਆਰਗੇਨਾਈਜ਼ੇਸ਼ਨਾਂ ਦੇ ਵਾਵੇਲੇ ਬਾਰੇ ਦੱਸਿਆ ਕਿ ਕਿਵੇਂ ਉਹ ਜੋਅ ਕਲਾਰਕ ਤੇ ਹਤਕ ਇਜ਼ਤ ਦੇ ਕੇਸ ਬਾਰੇ ਸੋਚ ਰਹੇ ਹਨ।

ਉਨ੍ਹਾਂ 'ਸੂਰਮੇ ਬੋਲੇ' ਕਿਤਾਬਚੇ ਦਾ ਜ਼ਿਕਰ ਕੀਤਾ ਜਿਸ 'ਚ ਵਿਲੀਅਮਜ਼ਲੇਕ ਤੇ ਕੈਮਲੂਪਸ ਦਾ ਨਾਂ ਹੈ ਕਿ ਉਨ੍ਹਾਂ ਕਿਵੇਂ ਖਾਲਿਸਤਾਨੀਆਂ ਦੀਆਂ ਵਧੀਕੀਆਂ ਦਾ ਡੱਬੇ ਰਾਹੀਂ ਉਤਰ ਦਿੱਤਾ ਹੈ। ਉਹ ਪ੍ਰਸੰਸਾ ਦੇ ਪਾਤਰ ਹਨ। ●

ਇਨਸਾਨੀਅਤ ਸਭਨਾਂ
ਧਰਮਾਂ ਤੋਂ ਉਪਰ ਹੈ
ਇਨਸਾਨ ਵਲੋਂ

ਇਹਨਾਂ ਸ਼ਬਦਾਂ ਨਾਲ ਅਸੀਂ ਆਸ ਕਰਦੇ ਹਾਂ ਕਿ ਆਰੰਭ ਹੋਇਆ ਮਸਕੋ ਸਿਖਰ ਸੰਮੇਲਨ ਹੋਰ ਵੀ ਚੰਗੇ ਸਿਟੇ ਕੱਢੇਗਾ ਅਤੇ ਐਟਮੀ ਜੰਗ ਦੇ ਖਤਰਿਆਂ ਤੋਂ ਸਹਿਮੀ ਹੋਈ ਸੰਸਾਰ ਜਨਤਾ ਦੇ ਮੂੰਹ ਉਤੇ ਰੌਣਕ ਆਵੇਗੀ। ●


# ਬੰਬੇ ਸਵੀਟਸ ਮੈਨੂਫੈਕਚਰਰ ਇਨਕ

**ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!**

**BOMBAY SWEETS MANUFACTURER INC.**

6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
CONTACT:
**NARESH SHUKLA & BROS.**

$2.50 / ਪੌਂਡ ਵਾਲੀਆਂ ਜਲੇਬੀਆਂ $1.49

$2.50 / ਪੌਂਡ ਵਾਲੇ ਲੱਡੂ $1.75

ਰੁਬਾਈ :
ਸੰਸਾਰ ਦੀ ਇਹ ਰੀਤ ਹੈ
ਮੋਇਆਂ ਦੇ ਮਾਤਮ ਹੋਣਗੇ
ਕੁਝ ਪੀੜ ਦਿਲ ਦੀ ਕਹਿਣਗੇ
ਕੁਝ ਲੋਕ-ਲੱਜੋਂ ਰੋਣਗੇ

ਮਰਜੀਵੜੇ ਸੰਸਾਰ ਨੂੰ
ਕੁਝ ਦਿੱਖ ਵੀ ਨੇ ਛੱਡਦੇ
ਹੌਕੇ ਹਵਾਵਾਂ ਭਰਦੀਆਂ
ਰੁੱਖਾਂ ਚੋਂ ਪਾਣੀ ਚੋਣਗੇ

ਹੈ ਸੋਗਵਾਰੀ ਦਾ ਸਮਾਂ
ਹੈ ਬੇਕਰਾਰੀ ਦਾ ਸਮਾਂ
ਹਨ ਦਰਦ-ਵਿੰਨ੍ਹੇ ਪਲ ਘੜੀ
ਲੱਗੀ ਏ ਮਾਤਮ ਦੀ ਝੜੀ
ਚੇਹਰੇ ਹਿਰਦੇ ਵੀ ਰਹੇ
ਰੋ ਰੋ ਵਿਆਕੁਲ ਹੋ ਰਹੇ
ਨੈਣਾਂ ਚੋਂ ਸਾਗਰ ਚੋ ਰਹੇ

ਇਕ ਸੂਰਮੇ ਦੀ ਅੰਮੜੀ
ਕਰਕੇ ਕਲੇਜਾ ਹੈ ਖੜੀ
ਗ਼ਮ ਦੀ ਹਨੇਰੀ ਹੈ ਚੜ੍ਹੀ
ਛਾਇਆ ਏ ਮਨ ਤੇ ਝੱਖੜਾ
ਪਰ ਹਾਰਿਆ ਨਹੀਂ ਹੌਂਸਲਾ
ਹਿਰਦੇ 'ਚ ਸਾਗਰ ਮੋਹ ਦਾ
ਬਣਿਆ ਏ ਸਾਗਰ ਰੋਹ ਦਾ
ਸੀਨੇ 'ਚ ਪੀੜਾ ਨੱਪਦੀ
ਪਲਕਾਂ 'ਚ ਹੰਝੂ ਡੱਕਦੀ
ਸੌ ਵਾਰ ਠੇਡੇ ਖਾ ਰਹੀ
ਸੌ ਵਾਰ ਕੰਧੀਂ ਵੱਜਦੀ
'ਦੀਸਾ' ਦੇ ਵੱਲੇ ਭੱਜਦੀ
ਚੱਲੀ ਏ 'ਮਰੀਅਮ ਅੰਬ ਵੀ'

ਚੱਲੀ ਏ ਆਖਣ ਅਲਵਿਦਾ
ਕਿ ਅੰਮੜੀ ਦਾ ਲਾਡਲਾ
ਮਹਿਬੂਬ ਲੱਖਾਂ ਦਿਲਾਂ ਦਾ
ਲੋਕੋ ਵਿਦਾਈ ਚੱਲਿਆ
ਦੇ ਕੇ ਜੁਦਾਈ ਚੱਲਿਆ ... ...
ਨਹੀਂ ਅਹਿਦ ਉਹਨੇ ਤੱਜਿਆ
ਡਰਕੇ ਨਹੀਂ ਮੌਤੋਂ ਭੱਜਿਆ
ਤੇ ਅੰਤ ਵੇਲੇ ਹੱਸਦੇ
ਲਾੜੇ ਦੇ ਵਾਂਗੂ ਸੱਜਿਆ

# ਵੀਰਾਂਗਣਾਂ ! ਮਰਜੀਵੜੇ !!

(ਅਫ਼ਰੀਕੀ ਲਹਿਰ ਦੀਆਂ ਵੀਰਾਂਗਣਾਂ ਨੂੰ ਸਮਰਪਿਤ)

ਹੈ ਬੰਦ ਬੂਹਾ ਜੇਲ੍ਹ ਦਾ
ਮਿਲਿਆ ਨਹੀਂ ਜਾਂਦੀ ਵਾਰ ਦਾ
ਅੰਮੀ ਨੂੰ ਅਵਸਰ ਮੇਲ ਦਾ
ਕਿੰਨਾ ਭਿਆਨਕ ਸੀਨ ਹੈ
ਇਹ ਸਾਬਰਾਂ ਦੇ ਖੇਲ ਦਾ !
ਪਈ ਪੁੱਤ ਮਾਵਾਂ ਤੋਂ ਜੁਦਾ
ਹੁੰਦੇ ਹੀ ਆਏ ਨੇ ਸਦਾ
ਪਰ ਜ਼ੁਲਮ ਦੀ ਹੈ ਇੰਤਹਾ
ਕਿ ਮਾਂ ਨੇ ਜਾਂਦੀ ਵਾਰ ਦਾ
ਮੂੰਹ ਪੁੱਤ ਦਾ ਨਾ ਵੇਖਿਆ
ਹੋਵੇਗਾ ਕੋਈ ਜੱਗ ਤੇ
ਏਦੂੰ ਵਡੇਰਾ 'ਕਰਬਲਾ' ?
ਸੰਸਾਰ ਉਤੇ ਏਸ ਤੋਂ
ਦਸੋ ਵਡੇਰੀ ਹੈ ਸਜ਼ਾ ?
ਕੋਈ ਭਿਆਨਕ ਹੈ ਸਜ਼ਾ ?
ਕਿ ਘੁੱਟ ਮਾਂ ਨੇ ਸਬਰ ਦਾ
ਖ਼ਾਮੋਸ਼ ਹੋਕੇ ਪੀ ਲਿਆ
ਛਾਤੀ ਤੇ ਪੱਥਰ ਰਖਕੇ
ਬੁੱਲ੍ਹਾਂ ਨੂੰ ਹੋਵੇ ਸੀਂ ਲਿਆ
ਓ ਦਰਦ ਦੇ ਸਾਗਰ ਦਿਲੋ !
ਮਰਜੀਵੜੇ ਦੀ ਅੰਮੜੀ
ਆਓ 'ਵੀਰਾਂਗਣ' ਨੂੰ ਮਿਲੋ !!
ਵੇਖੋ ਇਹ 'ਘਾਇਲ ਸ਼ੇਰਨੀ'
ਬਾਹਵਾਂ ਉਲਾਰੀ ਖੜੀ ਏ
ਤੇ ਦਰਦ ਪੂਰੀ ਕੌਮ ਦਾ
ਸਾਹਾਂ 'ਚ ਘੇਰੀ ਖੜੀ ਏ
ਮਮਤਾ ਦੀ ਮੂਰਤ ਵੇਖ ਲੋ !
ਜੰਗੀ ਦੀ ਸੂਰਤ ਵੇਖ ਲੋ !!
ਕਿ ਸਮੇਂ ਦੇ ਸੰਗੀਨ ਤੇ
ਹੋਕੇ ਉਚੇਰੀ ਖੜ੍ਹੀ ਏ
ਹਿੰਮਤ ਦੀ ਨ੍ਹੇਰੀ ਖੜੀ ਏ
ਓ 'ਕਦਰ' ਦੇ ਮਤਵਾਲਿਓ !!
ਵੇਖੋ ਤਰਾਜ਼ੂ ਪਰਖ ਦਾ
ਜੀਵਨ ਚੁਕਾਈ ਖੜੀ ਏ
ਤੇ ਹੱਦ ਸਿਰੇ ਦੀ ਕਿਵੇਂ
ਡੂੰਘੇ ਮੁਕਾਈ ਖੜੀ ਏ
ਸੰਸਾਰ-ਮਕੜੀ-ਜ਼ਹਿਰ ਦਾ
ਪਰਦਾ ਉਠਾਈ ਖੜੀ ਏ
'ਰਣ-ਜੂਝ-ਮਰਨੇ' ਦਾ ਜਿਵੇਂ
ਡੰਕਾ ਵਜਾਈ ਖੜੀ ਏ

ਆਓ ਮੁਲਾਇਦਸ ਨੂੰ ਮਿਲੋ !
ਸਰਦਾਰ ਵੇਖੋ ਅਦਬ ਦਾ
ਤੇ ਮਾਹਰ ਵੇਖੋ ਸ਼ਬਦ ਦਾ
ਫ਼ਨਕਾਰ ਵੇਖੋ ਗ਼ਜ਼ਬ ਦਾ
ਕਿਰਦਾਰ ਵੇਖੋ ਕਰਬ ਦਾ
'ਰੂਹਾਨੀ' ਪਵਿੱਤਰ ਵੇਖ ਲੋ
'ਕਰਨੀ' ਪਵਿੱਤਰ ਵੇਖ ਲੋ
ਕਿੰਵੇਂ ਪੁਗਾਏ ਬੋਲ ਨੇ
ਲੋਕਾਂ ਦੇ ਮਿੱਤਰ ਵੇਖ ਲੋ

ਸਿਦਕੀ ਦੇ ਵੇਖੋ ਸੀਸ ਨੂੰ
ਜ਼ੁਲਮਾਂ ਦਾ ਆਰਾ ਵੇਖ ਲੋ
ਨਹੀਂ ਆਰ ਆਈ ਸਿਦਕ ਨੂੰ
ਅਦਭੁਤ ਨਜ਼ਾਰਾ ਵੇਖ ਲੋ !!

ਇਹ 'ਸਿਖਰਾਂ' ਦਾ ਵੀਰ ਹੈ
ਅਖ਼ਲਾਕ ਦੀ ਤਸਵੀਰ ਹੈ
'ਜੂਲੀ ਫਿਊਚਕ' ਵਾਂਗਰਾਂ
ਕਸ਼ਟਾਂ ਨੂੰ ਲੈਂਦਾ ਜ਼ੋਰ ਹੈ
ਪਲੀ ਜਿਸ ਕਟੇਂਦਾ ਏ ਖਿਆ
'ਊਧਮ' 'ਸਰਾਭੇ' 'ਭਗਤ' ਦਾ
ਤੇ ਇਨਕਲਾਬੀ ਜਗਤ ਦਾ
ਮਰਘਾਣਾ ਸ਼ਮਸ਼ਾਨ ਵਿਚ
ਸੰਘਰਸ਼ ਕੁੱਖੋਂ ਜੰਮਿਆ
ਹੈ ਭੈ-ਮੁਕਤ ਇਨਸਾਨ ਇਹ

ਓ 'ਬਾਗ਼ੀਆਂ' ਦੇ ਵਾਰਸੋ !
ਓ 'ਕਦਰ' ਦੇ ਮਤਵਾਲਿਓ !!
ਓ 'ਘਾਲ' ਦੇ ਕਦਰਾਲੂਓ !!!
'ਜੀਂਦੀ ਸ਼ਹਾਦਤ' ਵੇਖ ਲੋ
'ਖ਼ਾਕੀ ਵਿਰਾਸਤ' ਵੇਖ ਲੋ
ਵੇਖ ਲੋ ਵਈ ਵੇਖ ਲੋ
ਅਫ਼ਰੀਕੀਆਂ ਦੇ ਸ਼ੇਰ ਇਕ
ਕਿੰਞ ਸਾਮਰਾਜੀ ਦੌਰ ਦੇ
ਤਾਬੂਤ ਵਿਚ ਠੋਕਣ ਪਏ ਕਿਲ
ਜਿਥੇ ਮਲਾਇਦਸ ਲੇਟਿਆ
ਪਰਨਾਮ ਕਰਕੇ ਕਬਰ ਨੂੰ
ਤੇ ਸੂਰਮੇ ਦੇ ਸਬਰ ਨੂੰ
ਵੰਗਾਰਦੇ ਨੇ ਜਬਰ ਨੂੰ

ਵੰਗਾਰਦੇ ਹੀ ਰਹਿਣਗੇ
ਲਲਕਾਰਦੇ ਹੀ ਰਹਿਣਗੇ
ਬੋਲੇ ਜੋ ਮੂੰਹ ਤੇ ਥੁੱਕਣੇ
ਧਿਰਕਾਰਦੇ ਹੀ ਰਹਿਣਗੇ
ਮਰ ਮਰ ਕੇ ਜੀਂਦੇ ਰਹਿਣਗੇ
ਜਾਮੇ-ਸ਼ਹਾਦਤ ਮੰਗ ਕੇ
ਸੌ ਵਾਰ ਪੀਂਦੇ ਰਹਿਣਗੇ
ਮੁਕਤੀ ਪ੍ਰਾਪਤ ਕਰਨਗੇ
ਤੇ ਹੱਕ ਨੂੰ ਤੇ ਸੱਚ ਨੂੰ
ਆਖਰ ਸਥਾਪਤ ਕਰਨਗੇ
ਦੁਨੀਆਂ ਤੇ ਸਾਬਤ ਕਰਨਗੇ
ਪਈ ਜ਼ਿੰਦਗੀ ਸੰਘਰਸ਼ ਹੈ,
ਤੇ ਸੂਰਮੇ ਦਾ ਜੰਗ ਤੇ
ਸੰਘਰਸ਼ ਹੀ ਆਦਰਸ਼ ਹੈ

'ਮਰਜੀਵੜੇ' 'ਵੀਰਾਂਗਣਾਂ'
ਦੀ ਲਹਿਰ ਦੀ ਜੁੜਦੀ ਕੜੀ
ਜਦ ਕਲਮ ਲੈਂਦੀ ਏ ਫੜਾ
ਤਾਂ ਜੌਹਰ ਦੇਂਦੀ ਏ ਵਖਾ
ਤੂਫ਼ਾਨ ਦੇਂਦੀ ਏ ਉਠਾ
ਹੰਕਾਰ-ਮੱਤੇ ਜ਼ੁਲਮ ਦੀ
ਜੜ ਖਾਕ ਦੇਂਦੀ ਏ ਉਡਾ
ਦੁਨੀਆਂ ਦੇ ਉਤੋਂ ਨਰਕ ਦਾ
ਹਰ ਨਕਸ਼ ਦੇਂਦੀ ਏ ਮਿਟਾ
ਤੇ ਸੀਸ ਉਤੇ ਕਿਰਤ ਦੇ
ਪਈ ਛਤਰ ਦੇਂਦੀ ਏ ਝੁਲਾ
ਹੇ ਸਾਂਝੀ ਵੀਰਾਂਗਣੇ !
ਪਰਨਾਮ ਕੁੱਖਾਂ ਨੂੰ ਕਰਾਂ
ਪਰਨਾਮ ਪੁੱਤਾਂ ਨੂੰ ਕਰਾਂ
ਸੰਘਰਸ਼ ਵਿਚਾਂ ਮੌਤਾਂ
ਪਰਨਾਮ ਰੁੱਖਾਂ ਨੂੰ ਕਰਾਂ
ਚੁੰਮਾਂ ਤੁਹਾਡੀ ਪੈੜ ਨੀ
ਮੰਗਾਂ ਤੁਹਾਡੀ ਖ਼ੈਰ ਨੀ
ਤੇ ਦਰਦ ਸਾਰਾ ਸੋਖਲਾਂ
ਤੇ 'ਲੋਕਤਾ' ਦਾ 'ਮੁਕਟ' ਨੀ
ਆਓ ? ਤੁਹਾਡੇ ਸਿਰ ਧਰਾਂ

-ਦਰਸ਼ਨ ਸਿੰਘ ਮਾਸਟਰ

# ਆਹ ! ਸਾਥੀ ਮਹਿਮਾ ਸਿੰਘ ਧਾਲੀਵਾਲ

ਅਸੀਂ ਬੜੇ ਦੁੱਖ ਨਾਲ ਇਹ ਖਬਰ ਦੇ ਰਹੇ ਹਾਂ ਕਿ ਸਾਥੀ ਰਾਜਿੰਦਰ ਸਿੰਘ ਧਾਲੀਵਾਲ ਵਿਨੀਪੈਗ (ਮੈਨੀਟੋਬਾ) ਦੇ ਦੇਸ਼ ਭਗਤ ਪਿਤਾ ਜੀ ਸਾਥੀ ਮਹਿਮਾ ਸਿੰਘ ਧਾਲੀਵਾਲ ਪਿਛਲੇ ਦਿਨੀਂ ਸਦਾ ਲਈ ਵਿਛੜ ਗਏ ਹਨ। ਕੁਝ ਸਮਾਂ ਪਹਿਲਾਂ ਸਾਥੀ ਉਪਰ ਅਧਰੰਗ ਦਾ ਹਮਲਾ ਹੋ ਗਿਆ ਸੀ ਪ੍ਰੰਤੂ ਉਨ੍ਹਾਂ ਦੀ ਸਿਹਤ ਸਹਿਜੇ ਸਹਿਜੇ ਚੰਗੀ ਹੁੰਦੀ ਗਈ ਸੀ। ਪਰ ਹੁਣ ਅਚਾਨਕ ਉਹ ਵਿਛੋੜਾ ਦੇ ਗਏ ਹਨ।

ਉਹ ਪਿੰਡ ਮੁਲਾਂਪੁਰ ਜ਼ਿਲਾ ਰੋਪੜ ਦੇ ਵਸਨੀਕ ਸਨ। ਉਨ੍ਹਾਂ ਸਮਾਜ ਸੇਵਕ ਵਿਚ ਇਲਾਕੇ ਵਿਚ ਉਘਾ ਕੰਮ ਕੀਤਾ। ਉਨ੍ਹਾਂ ਪਿੰਡ ਵਿਚ ਲਾਇਬਰੇਰੀ ਕਾਇਮ ਕੀਤੀ। ਦੂਜੀ ਸੰਸਾਰ ਜੰਗ ਸਮੇਂ ਅੰਗਰੇਜ਼ਾਂ ਵਿਰੁੱਧ ਫੌਜਾਂ ਵਿਚ ਪ੍ਰਚਾਰ ਕਰਨ ਲਈ ਉਨ੍ਹਾਂ ਨੌਕਰੀ ਤੋਂ ਹਟਾ ਕੇ ਜੇਲ੍ਹ ਭੇਜ ਦਿੱਤਾ ਗਿਆ ਸੀ।

ਉਹ ਖਾਲਿਸਤਾਨੀ ਅਤਿਵਾਦੀਆਂ ਦੇ ਦੇਸ਼ ਧਰੋਹੀ ਅਤੇ ਭਾਰਤ ਦੀ ਅਖੰਡਤਾ ਨੂੰ ਤੋੜਨ ਦੇ ਵਿਰੋਧੀ ਸਨ।

ਅਸੀਂ ਉਨ੍ਹਾਂ ਦੀ ਯਾਦ ਵਿਚ ਸਿਰ ਨਿਵਾਉਂਦੇ ਹੋਏ ਲੋਕਤਾ ਵਲੋਂ ਸ਼ਰਧਾਂਜਲੀ ਭੇਂਟ ਕਰਦੇ ਹਾਂ।

# ਪੰਜਾਬ

## ਹਰਭਜਨ ਸਿੰਘ ਹੁੰਦਲ

ਮੈਂ ਹਾਕਮਾਂ ਦੀ ਦਾੜ੍ਹ ਕੜਕਦੀ ਹੱਡੀ ਹਾਂ।
ਸਮੁੰਦਰੀ ਲੁਟੇਰਿਆਂ ਨੂੰ ਸੁੱਖਾਂ ਸੁੱਖਦੇ
ਮਿਲਿਆ ਸੁਨਹਿਰੀ ਮੌਕਾ ਹਾਂ,
ਘਰ ਦੇ ਜੰਮਿਆਂ ਦੀ ਕੰਮ ਅਕਲੀ
ਦਾ ਮੂੰਹ ਬੋਲਦਾ ਸਬੂਤ ਹਾਂ,
ਦੇਸ਼ ਦੀ ਦੁਖਦੀ ਹੋਈ ਰਗ ਹਾਂ

ਨੀਮ-ਹਕੀਮਾਂ ਦਾ ਜਾਣ ਬੁੱਝ ਕੇ ਵਿਗਾੜਿਆ
ਮਰੀਜ਼ ਹਾਂ
ਫੌਜੀ ਬੂਟਾਂ ਹੇਠ ਮਿੱਧਿਆ ਕਣਕ ਦਾ ਸਿੱਟਾ ਹਾਂ
ਹਤਿਆਰੇ ਦੀ ਗੋਲੀ ਨਾਲ ਮਰਿਆ ਹੋਇਆ ਮੋਰ ਹਾਂ
ਜਣੇ ਖਣੇ ਦੀ ਭਾਬੀ ਹਾਂ
ਪੁਤਲੀਆਂ ਦਾ ਤਮਾਸ਼ਾ ਹਾਂ
ਬੇਬਸੀ ਵਿੱਚ ਮੂੰਹੋਂ ਨਿਕਲੀ ਚੀਖ ਹਾਂ।
ਲੜੀਵਾਰ ਖੇਡਿਆ ਜਾ ਰਿਹਾ
ਦੁਖਾਂਤ-ਨਾਟਕ ਹਾਂ
ਸੜਕ ਤੇ ਪਈ ਹੋਈ ਲਾਵਾਰਸ ਲਾਸ਼ ਹਾਂ
ਖਰੀਦੇ ਹੋਏ ਪੱਤਰਕਾਰ ਲਈ
ਗਰਮਾ ਗਰਮ ਖਬਰ ਹਾਂ
ਹਾਕਮਾਂ ਦੀ ਉਮਰ ਲੰਬੀ ਕਰਨ
ਲਈ ਬੜਾ ਵਧੀਆ ਨੁਸਖਾ ਹਾਂ

ਮੈਂ ਜੋ ਅੱਜ ਇੱਕ ਰਿਸਦਾ ਜ਼ਖਮ ਹਾਂ
ਪਹਿਲਾਂ ਤੋਂ ਹੀ ਇਸ ਤਰਾਂ ਦਾ
ਨਹੀਂ ਸੀ ਹੁੰਦਾ !!

# ਸਾਥੀ ਬੀਕੇ ਨੂੰ ਸ਼ਰਧਾਂਜਲੀ

ਪਿਛਲੇ ਦਿਨੀਂ ਸਾਥੀ ਹਰਬੰਸ ਸਿੰਘ ਬੀਕਾ ਸੀ. ਪੀ. ਆਈ. (ਮਾਕਰਸੀ) ਦੇ ਸਾਬਕਾ ਐਮ. ਐਲ. ਏ. ਪੰਜਾਬ ਅਤੇ ਖੇਤ ਮਜ਼ਦੂਰਾਂ ਦੇ ਬਹਾਦਰ ਆਗੂ, ਸਾਮਰਾਜੀ ਏਜੰਟ ਖਾਲਿਸਤਾਨੀਆਂ ਦੇ ਵਿਰੁੱਧ ਜਨਤਕ ਲਾਮਬੰਦੀ ਕਰਦੇ ਹੋਏ, ਅਤਿਵਾਦੀਆਂ ਨੇ ਸ਼ਹੀਦ ਕਰ ਦਿੱਤੇ ਹਨ। ਸਾਥੀ ਬੀਕੇ ਦੀ ਸ਼ਹੀਦੀ ਵੱਖਵਾਦੀਆਂ ਵਿਰੁਧ ਲੋਕ ਉਭਾਰ ਨੂੰ ਹੋਰ ਪ੍ਰਚੰਡ ਕਰੇਗੀ।

ਅਸੀਂ ਸ਼ਹੀਦ ਬੀਕਾ ਨੂੰ ਅਦਾਰਾ ਲੋਕਤਾ ਦੇ ਪ੍ਰਬੰਧਕੀ ਬੋਰਡ ਵਲੋਂ ਸਿਰ ਨਿਵਾ ਕੇ ਲਾਲ ਸਲਾਮ ਕਰਦੇ ਹਾਂ।

# 'ਬੀਕੇ'

## —ਦਰਸ਼ਨ ਸਿੰਘ ਮਾਸਟਰ—

ਰੱਖਾਂ ਅਮਰ ਅਗੰਮੀਆਂ ਜੋ ਜੰਮਣ 'ਬੀਕੇ'—
ਲੇਖਾ ਸੱਚੇ ਜੁੱਧ ਦਾ ਜੋ ਤਾਰੇ ਪੂਰਾ
ਰਣ ਚੋਂ ਭੱਜੇ ਛੱਡ ਕੇ ਨਾ ਕਾਜ ਅਧੂਰਾ
ਤਾਂ ਉਹ ਮਰਦ ਅਮੰਗਣਾ ਅਖਵੌਂਦਾ ਸੂਰਾ
ਛੋਹਦੇ ਮਰਦਾਂ ਵਾਲੜੇ ਸਭ ਤੌਰ ਤਰੀਕੇ—

ਖਤਰੇ ਹੋਵਣ ਲੱਖ ਪਏ ਰਾਹਾਂ ਵਿਚ ਉੱਗੇ
ਜਾਨ ਤਲੀ ਤੇ ਰਖ ਕੇ ਜੋ ਖਤਰੇ ਚੁੱਗੇ
ਯੋਧਾ ਮੌਤ ਵਿਹਾਜ ਲਏ ਪਰ 'ਜੇਤੂ' ਪੁੱਗੇ
ਜੱਗ ਬਦਲੀ ਦੇ ਸੂਰਮਾ ਪਿਆ ਰਾਹ ਉਲੀਕੇ—

ਕਾਲੇ ਬੋਲੇ ਕਹਿਰ ਦੀ ਜਦ ਨ੍ਹੇਰੀ ਵੱਗੇ
'ਮਾਨਵ ਦੀ ਪਹਿਚਾਣ' ਤੇ ਜਦ ਧੱਬਾ ਲੱਗੇ
ਆਕੇ ਕੋਈ ਸੂਰਮਾ ਤਦ ਵਿਰਲਾ ਅੱਗੇ
ਜੀਵਨ ਸੱਚੇ ਪੁਰਸ਼ ਦਾ ਪਿਆ ਦੱਸੇ ਜੀਕੇ—

ਮਰਦ ਜੁਝਾਰੂ ਸਦਾ ਹੀ ਲਹਿਰਾਂ ਵਿਚ ਪਲਦੇ
ਭੱਠੀ ਵਿਚ ਸੰਘਰਸ਼ ਦੀ ਕਿਰਦਾਰ ਨੇ ਢਲਦੇ
ਖਤਰੇ ਰੋਜ਼ ਸਹੇੜਦੇ ਪਰ ਜਾਂਦੇ ਚਲਦੇ
ਮਾਰਗ ਤੋਂ ਨਾ ਭਟਕਦੇ ਪਈ ਮੌਤ ਉਡੀਕੇ—

'ਬੀਕੇ' ਵੀਰੇ ਅੰਮੀੜੇ ! ਕੀ ਧੀਰ ਬੰਨ੍ਹਾਵਾਂ
ਬੀਕੇ ਵੀਰੇ ਸਾਥਣੇ ! ਤੇਰਾ ਸਰਨਾਵਾਂ
ਲਿਖਿਆ ਵਿਡਾ ਤਾਰੀਖ ਨੇ ਵਿਚ ਲੋਕ-ਕਥਾਵਾਂ
ਬੈਠਾ ਸਾਗਰ ਗ਼ਮਾਂ ਦੇ ਪਰਵਾਰ ਹੈ ਪੀ ਕੇ—

ਲਹੂ ਅਮਰ ਸ਼ਹੀਦ ਦੀ ਜੋ ਵਗੀ ਤਤੀਰੀ
ਕੰਧਾਂ ਉਤੇ ਗਈ ਏ ਤਹਿਰੀਰ ਲਕੀਰੀ
ਉਹ ਲੋਕ-ਕਰੋਧ ਦੀ ਬਣ ਕਾਂਗ ਅਖੀਰੀ
ਰੋੜ੍ਹ ਜਬਰ ਜਨੂੰਨ ਦੇ ਸਭ ਕੁੱਤੀ ਚੀਕੇ
ਰੱਖਾਂ ਅਮਰ ਅਗੰਮੀਆਂ ਜੋ ਜੰਮਣ ਬੀਕੇ

ਕਹਾਣੀ

# ਭੋਗ

ਰਘੁਬੀਰ ਢੰਡ

ਅੱਜ ਡਾਕ ਜ਼ਰਾ ਸੁਵਖਤੇ ਹੀ ਆ ਗਈ ਸੀ। ਜਦੋਂ ਅਸੀਂ ਪਰਾਏ ਦੇਸ ਵਿਚ ਆ ਜਾਂਦੇ ਹਾਂ, ਹਮੇਸ਼ਾ ਲਈ ਵਸ ਤਾਂ ਜਾਂਦੇ ਹਾਂ, ਪਰ ਲੱਖ ਨਿਆਮਤਾਂ ਦੇ ਬਾਵਜੂਦ ਪਰਾਇਆ ਦੇਸ਼ ਆਪਣਾ ਨਹੀਂ ਬਣਦਾ। ਡਾਕ ਆਉਂਦੀ ਹੈ ਤਾਂ ਪਹਿਲਾਂ ਵਤਨਾਂ ਦੀ ਚਿੱਠੀ ਹੀ ਖੋਲਦੇ ਹਾਂ। ਸ਼ਾਇਦ ਪਰੇ ਰਹਿਣ ਨਾਲ ਪਿਆਰ ਵੈਰਾਗ ਵਿਚ ਬਦਲ ਜਾਂਦਾ ਹੈ। ਵੈਰਾਗ ਵੇਖਣ ਨੂੰ ਤਾਂ ਉਦਾਸ ਜਿਹੀ ਹਾਲਤ ਜਾਪਦੀ ਹੈ, ਪਰ ਇਸ ਵਿਚ ਸੁੱਖਮ ਵਰਗੀ ਸੁਗੰਧ ਹੁੰਦੀ ਹੈ।

ਕੇਵਲ ਦੀ ਚਿੱਠੀ ਸੀ। ਮੇਰੀ ਖੁਸ਼-ਕਿਸਮਤੀ ਹੈ ਕਿ ਕੇਵਲ ਮੇਰਾ ਭਰਾਵਾਂ ਵਰਗਾ ਦੋਸਤ ਹੈ। ਉਂਜ ਮੇਰੀ ਹੈਸੀਅਤ ਉਹਦੇ ਸਾਹਵੇਂ ਸੂਰਜ ਮੂਹਰੇ ਦੀਵੇ ਵਰਗੀ ਹੈ। ਉਹ ਬੜਾ ਜ਼ਹੀਨ ਤੇ ਵਿਸ਼ਾਲ ਮੁਤਾਲੇ ਵਾਲਾ ਇਨਸਾਨ ਹੈ। ਚਿੱਠੀ ਬੜੀ ਕਾਹਲੀ ਵਿਚ ਲਿਖੀ ਹੋਈ ਜਾਪਦੀ ਸੀ, ਬੱਸ ਝਰੀਟੀ ਹੋਈ। ਉਸ ਨੂੰ ਇਕ ਅਜਿਹੀ ਰਸਮ ਤੇ ਜਾਣ ਦੀ ਕਾਹਲ ਸੀ, ਜਿਹੜੀ ਟਾਲੀ ਨਹੀਂ ਸੀ ਜਾ ਸਕਦੀ।

ਚਿੱਠੀ ਪੜ੍ਹਦਿਆਂ ਮੇਰੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ ਤੇ ਪੂੰਝਦਿਆਂ-ਪੂੰਝਦਿਆਂ ਇਕ ਹੰਝੂ ਚਿੱਠੀ 'ਤੇ ਡਿਗ ਹੀ ਪਿਆ। ਵੇਖਿਆ ਤਾਂ 'ਭੋਗ' ਸ਼ਬਦ ਆਲੇ ਦੁਆਲੇ ਖਿੰਡ ਗਿਆ।

ਤੇ ਕੇਵਲ ਨੂੰ ਚਿੱਠੀ ਲਿਖਣ ਦੇ ਸਵਾਲ ਤੋਂ ਲੈ ਕੇ ਉਹਦੀ ਚਿੱਠੀ ਦੇ ਜਵਾਬ ਤੀਕ ਦਾ ਸਾਰਾ ਨਕਸ਼ਾ ਮੇਰੇ ਸਾਹਵੇਂ ਸਾਕਾਰ ਹੋ ਗਿਆ।

ਬਰੈਡਫੋਰਡ ਦੇ ਕਿਰਨ ਰੈਸਟੋਰੈਂਟ ਵਿਚ ਪਾਕਿਸਤਾਨ ਤੋਂ ਆਏ ਇਕ ਸ਼ਾਇਰ ਦੇ ਸਨਮਾਨ ਵਿਚ ਮੁਸ਼ਾਇਰਾ ਰਖਿਆ ਹੋਇਆ ਸੀ। ਸ਼ਾਇਰ ਸੀ ਤਾਂ ਭੁੱਖਾ, ਧੁੱਪਾਂ ਤੇ ਪਾਬੰਦੀਆਂ ਦਾ ਸਤਾਇਆ ਹੋਇਆ, ਪਰ ਜਦੋਂ ਕਲਾਮ ਗਾਉਣ ਲਗਿਆ ਤਾਂ ਸਾਵਨ ਮਹੀਨੇ 'ਅੰਬੂਆਂ ਕੇ ਛਤਨਾਰੇ ਮੇਂ' ਕੋਇਲ ਕੂਕਣ ਲਗ ਪਈ। ਉਸ ਨੇ ਆਪਣੀ ਅੰਤਲੀ ਗਜ਼ਲ ਦਾ ਭੋਗ ਇਹਨਾਂ ਸ਼ਬਦਾਂ ਨਾਲ ਪਾਇਆ :

—ਰੂਪ ਕੀ ਨਗਰੀ ਸੰਗ ਕੇ ਸੰਦਲ
ਅਲਬੇਲੇ ਆਹੂ ਚਸ਼ਮਾਂ
ਨਾ ਜਾਨੇ ਕਿਆ ਸੋਚ ਕੇ
ਰਿਫਅਤ ਕੇ ਦਿਲ ਕੋ
ਤੜਪਾਤੇ ਹੈਂ !

ਕਿਰਨ ਰੈਸਟੋਰੈਂਟ ਤੋਂ ਘਰ ਆਉਣ ਤੀਕਰ ਸ਼ਾਇਰ ਰਿਫਅਤ ਸੁਲਤਾਨ ਦਾ ਇਹ ਸ਼ੇਅਰ ਪਹਿਨਾਂ ਤਾਂ ਲਗਾਤਾਰ ਮੇਰੇ ਕੰਨਾਂ ਵਿਚ ਗੂੰਜਦਾ ਰਿਹਾ, ਫਿਰ ਦਿਲ-ਦਿਮਾਗ ਦੀਆਂ ਪਰਤਾਂ ਤੇ ਪਰਤਾਂ ਪਰਤਦਾ ਚਲਿਆ ਗਿਆ ਤੇ ਰਿਫਅਤ ਸੁਲਤਾਨ ਦਾ ਰੰਗ ਮੇਰੇ ਮਾਲਵੇ ਵਿਚ ਬਦਲ ਗਿਆ। ਵੈਰਾਗ ਤੇ ਹਰਸੇਵੇਂ ਦਾ ਉਹ ਆਲਮ ਤਾਰੀ ਹੁੰਦਾ ਗਿਆ ਕਿ ਮੇਰੀਆਂ ਅੱਖਾਂ ਵਿਚ ਸੂਰਜ ਦੀ ਥਾਂ ਸਾਵਨ ਉਤਰਦਾ ਗਿਆ। ਇੰਗਲੈਂਡ ਦੀ ਅਤਿ ਗੋਰ-ਮਲ-ਵਈ ਫਿਜ਼ਾ ਵਿਚ ਵੀ ਕਿਉਂ ਮਾਲਵਾ ਮੇਰੇ ਅੰਦਰ ਸਿੱਕੇ ਵਾਂਗ ਜੰਮਿਆ ਪਿਆ ਹੈ? ਮੇਰੇ ਰੋਮ-ਰੋਮ ਵਿਚ ਸਫਰ ਕਰ ਰਿਹਾ ਹੈ?

ਰੂਪ ਦੀ ਨਗਰੀ ਤੇ ਆਹੂ ਚਸ਼ਮਾਂ, ਜਾਣੀ ਮ੍ਰਿਗਨੈਣੀਆਂ ਮਲਵਾਇਣਾਂ! ਪਹਿਰ ਦੇ ਤੜਕੇ ਚੱਕੀਆਂ ਝੋਂਦੀਆਂ ਤੇ ਦੁੱਧ ਰਿੜਕਦੀਆਂ। ਉਹਨਾਂ ਦੇ ਹੱਥਾਂ ਵਿਚ ਅੱਟਣ ਪੈ ਜਾਂਦੇ। ਕੋਠੇ ਥਾਂ ਸੰਭਰਦੀਆਂ, ਗੋਹਾ ਕੂੜਾ ਕਰਦੀਆਂ, ਥਪੀਆਂ ਦਿੰਦੀਆਂ, ਪਾਂਡੂ ਫੇਰਦੀਆਂ ਤੇ ਹੱਥ-ਮੂੰਹ ਲਿਬੜ ਜਾਂਦੇ ਤਾਂ ਵੀ ਕੰਵਲ ਵਾਂਗ ਖਿੜ-ਖਿੜ ਜਾਂਦੀਆਂ। ਕੁਪੱਤੇ ਮਰਦਾਂ ਦੀਆਂ ਮਾਰਾਂ ਖਾਂਦੀਆਂ ਪਰ ਹਿੱਕ ਥਾਪੜ-ਥਾਪੜ ਪੁੱਤ ਤੇ ਪੁੱਤ ਜੰਮੀ ਜਾਂਦੀਆਂ। ਸੱਥਾਂ ਵਿਚ ਲੜਾ-ਈਆਂ ਹੁੰਦੀਆਂ ਤਾਂ ਆਪਣੇ ਮਰਦਾਂ ਨੂੰ ਸੋਟੇ-ਖੂੰਡੇ ਲਿਆ-ਲਿਆ ਫੜਾਉਂਦੀਆਂ, ਨਾਲੇ ਆਪ ਬਨੇਰਿਆਂ ਤੇ ਖੜ੍ਹ ਇੱਟਾਂ-ਰੋੜੇ ਵਗਾਹੁੰਦੀਆਂ। ਕੌਣ ਸਨ ਇਹ ਮਲਵਾਇਣਾਂ?......ਛੰਤੋ ਤਾਈ, ਗਾਲੀ ਚਾਚੀ, ਚੰਦ ਕੁਰ ਭਾਬੀ, ਜੀਰੋ ਬੀਬੀ! ਕੀਹਦਾ-ਕੀਹਦਾ ਨਾਂ ਲਈਏ?...ਫਿਰ ਰੁੱਤਾਂ ਬਦਲੀਆਂ। ਨਵਾਂ ਚਾਨਣ ਆਇਆ। ਤੀਜੀ ਅੱਖ ਖੁਲ੍ਹੀ। ਉਹੀ ਮਲਵਾਇਣਾਂ ਕਿਤਾਬਾਂ ਕੱਛਤ ਚੁਕ ਸਕੂਲੇ ਜਾਣ ਲਗੀਆਂ। ਪੜ੍ਹਨ। ਫਿਰ ਉਹੀ ਸਾਈਕਲਾਂ ਬੱਸਾਂ ਤੇ ਚੜ੍ਹ ਸਕੂਲੇ ਜਾਣ ਲਗੀਆਂ। ਪੜ੍ਹਾਉਣ।......ਬੜਾ ਹੀ ਜੀਅ ਕੀਤਾ


FLAG
CHEVROLET OLDSMOBILE LTD.
15250 - 104th. AVENUE, SURREY, B.C.
CANADA V3R 6N8

ਨੌਵੀਂ ਕਾਰ ਲੈਣ ਦੀ ਸੋਚ ਰਹੇ ਹੋ, ਤਾਂ ਹੋਰ ਬਹੁਤ ਦੇਰ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ। ਆਪਣੇ ਇਲਾਕੇ ਵਿਚੋਂ ਸਭ ਤੋਂ ਸਸਤੀ ਕੀਮਤ ਅਤੇ ਹੋਰ

TEL. (604)584-7411

OR 645-3597 (Pager)

ਹਰ ਪ੍ਰਕਾਰ ਦੀਆਂ ਪੁਰਾਣੀਆਂ ਕਾਰਾਂ ਬੇਸ਼ੁਮਾਰ ਗਿਣਤੀ ਵਿਚ ਪੁੱਜ ਗਈਆਂ ਹਨ।
ਤੁਹਾਡੀ ਪਸੰਦ ਦੀ ਵਧੀਆ ਕਾਰ ਤੁਹਾਡੇ ਮਨ ਦੀ ਕੀਮਤ ਅਨੁਸਾਰ ਵੀ ਮਿਲ ਸਕਦੀ ਹੈ। ਮੌਕੇ ਤੋਂ ਲਾਭ ਉਠਾਓ। ਅਸੀਂ ਸੇਵਾ ਲਈ ਹਾਜ਼ਰ ਹਾਂ।



TOP SALESMAN AWARD
WINNER 1987

ਕਿ ਇਸ ਸਾਰੇ ਵਿਕਾਸ ਨੂੰ ਨਹਿਰ ਦੇ ਪੁਲਾਂ ਦੇ ਇਕ ਪਾਸੇ ਚਾਚੇ ਦੀ ਹੱਟੀ ਕੋਲ ਖਲੋ ਕੇ ਵੇਖਾਂ। ਫਿਰ ਕੀ ਹੋਵੇ? ਬੱਸ ਵੀਹਾਂ-ਪੱਚੀਆਂ ਸਾਲਾਂ ਦੀ ਹੱਡਾਂ ਤੇ ਰੂਹ ਵਿਚ ਰਚੀ ਵਲਾਇਤੀ ਠੰਢ ਨਿਕਲ ਜਾਵੇ। ਖੂਨ ਵਿਚ ਮੁੜ ਗਰਮੀ ਆਵੇ। ਖੂਨ ਦੀ ਗਰਮੀ ਦਾ ਤਾਂ ਸਾਰਾ ਪ੍ਰਤਾਪ ਹੈ, ਉਂਜ ਤਾਂ ਇਨਸਾਨ ਮਿੱਟੀ ਹੀ ਹੁੰਦਾ ਹੈ।

ਬਈ ਰਿਫਅਤ ਸੁਲਤਾਨ! ਤੇਰਾ ਦੀ ਮ੍ਰਿਗ ਨੈਣੀ ਦਾ ਜ਼ਿਕਰ ਤੂੰ ਖੂਬ ਕੀਤਾ ਕਿ ਮੈਨੂੰ ਆਪਣੀ ਉਸ ਮ੍ਰਿਗਨੈਣੀ ਦੇ ਸਾਕਾਰ ਦਰਸ਼ਣ ਕਰਵਾ ਦਿਤੇ। ਹਾਂ, ਕੀ ਨਾਂ ਸੀ ਉਹਦਾ? ਖੈਰ, ਨਾਂ ਜਿਹੜੇ ਨਕਸ਼ ਹੋ ਗਏ ਉਹ ਕਿਥੇ ਭੁਲਦੇ ਹਨ। ਰਾਜੀ ਸੀ ਉਹਦਾ ਨਾਂ। ਉਹ ਰਾਜਕੁਮਾਰੀ ਸੀ ਜਾਂ ਰਾਜ ਕੌਰ, ਇਸ ਦਾ ਉਦੋਂ ਕੋਈ ਪਤਾ ਨਹੀਂ ਸੀ। ਨਾਲੇ ਮ੍ਰਿਗਨੈਣੀਆਂ ਦੀਆਂ ਸੂਰਤਾਂ ਦਾ ਫੈਸਲਾ ਕੁਮਾਰੀਆਂ ਤੇ ਕੌਰਾਂ ਕਿਵੇਂ ਕਰ ਸਕਦੀਆਂ ਨੇ? ਉਂਜ ਵੀ ਜਦੋਂ ਉਹਦੇ ਦਰਸ਼ਣ ਹੋਏ ਸਨ, ਉਹ ਸਮਾਂ ਧਰਮਾਂ-ਜਾਤਾਂ ਪਰਖਣ ਦਾ ਨਹੀਂ ਸੀ। ਉਹ ਤਾਂ ਨਹਿਰ ਵਿਚ ਰੁੜ੍ਹੀ ਜਾ ਰਹੀ ਸੀ। ਸ਼ਹਿਰ ਦੀਆਂ ਬਹੁਤ ਸਾਰੀਆਂ ਔਰਤਾਂ-ਕੁੜੀਆਂ ਕਿਸੇ ਦਿਨ-ਦਿਉਹਾਰ 'ਤੇ ਸਾਡੇ ਪਿੰਡ ਵਾਲੀ ਨਹਿਰ ਤੇ ਨਹਾਉਣ ਆਈਆਂ ਸਨ ਤੇ ਉਹ ਰੁੜ੍ਹ ਗਈ ਸੀ। ਹਾਹਾਕਾਰ ਮੱਚ ਗਿਆ ਤੇ ਅਸੀਂ ਤਿੰਨ ਜਣਿਆਂ ਨੇ ਬਿਨਾਂ ਸੋਚੇ-ਸਮਝੇ ਨਹਿਰ ਵਿਚ ਛਾਲਾਂ ਮਾਰ ਦਿਤੀਆਂ ਸਨ ਤੇ ਛਿਣਾਂ ਵਿਚ ਉਹਨੂੰ ਜਾ ਘੇਰਿਆ। ਮੌਤ ਦਾ ਡਰ ਕੇਡਾ ਕੁਦਰਤੀ ਹੁੰਦਾ ਹੈ ਕਿ ਉਸ ਨੇ ਸਾਰੀਆਂ ਸ਼ਰਮਾਂ ਲਾਹ ਇਕ ਦਮ ਮੇਰੇ ਗਲ ਦੁਆਲੇ ਬਾਹਾਂ ਵਲ ਦਿਤੀਆਂ ਤੇ ਮੈਂ ਪਲਾਂ ਵਿਚ ਉਹਨੂੰ ਕੰਢੇ ਲਿਆ ਸੁਟਿਆ ਜਦੋਂ ਮੈਂ ਤੋੜ ਕੇ ਉਸ ਨੂੰ ਕੰਢੇ 'ਤੇ ਰਖਿਆ ਤਾਂ ਉਹਦੇ ਗਜ਼-ਗਜ਼ ਲੰਮੇ ਵਾਲ, ਮੇਰੀ ਗਰਦਣ ਤੇ ਹੱਥਾਂ-ਬਾਹਾਂ ਨੂੰ ਪਲੇਸਦੇ ਗਿੱਲੇ ਰੇਤੇ ਤੇ ਖਿੰਡ ਗਏ। ਏਨੀ ਕਾਲੀ ਚੀਜ਼ ਮੈਂ ਦੂਜੀ ਵਾਰ ਵੇਖੀ ਸੀ। ਪਹਿਲੀ ਵਾਰ ਜਦੋਂ ਮੈਂ ਮੁਹਾਰੇ ਤੋਂ ਟਾਂਡੇ ਚੁਕਣ ਲਗਿਆ ਸੀ ਤਾਂ ਇਕ ਲੰਮਾ ਕਾਲਾ ਸੱਪ ਮੇਰੀ ਗਰਦਣ ਤੇ ਹੱਥਾਂ-ਬਾਹਾਂ ਉਤੋਂ ਦੀ ਸਰਕ ਗਿਆ ਸੀ। ਫਿਰ ਮੈਂ ਰਾਜੀ ਦੀਆਂ ਅੱਖਾਂ ਵਿਚ ਤਕਿਆ ਸੀ। ਕਿਸੇ ਨੀਤ ਨਾਲ ਨਹੀਂ, ਬੱਸ ਐਵੇਂ ਹੀ ਮੈਥੋਂ ਵੇਖਿਆ ਗਿਆ ਸੀ। ਉਦੋਂ ਨਜ਼ਰ-ਖੇੜੇ ਦੀਆਂ ਕੁੜੀਆਂ ਨੂੰ ਕਿਸੇ ਨੀਤ ਨਾਲ ਵੇਖਣ ਦਾ ਹਾਲੀ ਰਿਵਾਜ ਨਹੀਂ ਸੀ ਪਿਆ। ਉਹ ਸਚਮੁਚ ਹੀ ਮ੍ਰਿਗਨੈਣੀ ਸੀ। ਉਸ ਮ੍ਰਿਗ ਵਰਗੀ ਜਿਸ ਨੂੰ ਇਕ ਵਾਰ ਮੈਂ ਰੋਹੀ ਵਿਚ ਸ਼ਿਕਾਰੀ ਕੁੱਤਿਆਂ ਤੋਂ ਬਚਾ-ਇਆ ਸੀ। ਜਦੋਂ ਮੈਂ ਉਸ ਨੂੰ ਜੰਡ ਹੇਠ ਲਿਜਾ ਪਲੋਸਿਆ ਸੀ ਤਾਂ ਉਹਦੀਆਂ ਅੱਖਾਂ ਆਪਮੁਹਾਰੇ ਮੇਰੀਆਂ ਅੱਖਾਂ ਵਿਚ ਆ ਵੱਜੀਆਂ ਸਨ, ਡਰੀਆਂ ਹੋਈਆਂ ਆਹੂ-ਚਸ਼ਮਾਂ—ਬਿਲਕੁਲ ਰਾਜੀ ਦੀਆਂ ਚਸ਼ਮਾਂ ਵਰਗੀਆਂ।......ਇਕੱਠ ਜੁੜ ਗਿਆ ਸੀ। ਔਰਤਾਂ ਨੇ ਅਸਮਾਨ ਸਿਰ ਤੇ ਚੁਕ ਲਿਆ ਸੀ : ਨੀ ਖੱਡੀ ਵਾਲੇ ਮਾਸਟਰ ਦੀ ਰਾਜੀ ਨੂੰ ਏਸ ਮੁੰਡੇ ਨੇ ਬਚਾ ਲਿਆ। ਜਾਨ ਹੂਲ ਦਿਤੀ ਮੁੰਡਿਆਂ ਨੇ। ਸ਼ਾਬਾਸ਼ ਏਹਨੂੰ ਜੰਮਣ ਵਾਲੀ ਦੇ।......ਮੈਨੂੰ ਤਾਂ ਉਦੋਂ ਪਤਾ ਲਗਿਆ ਕਿ ਉਹਦਾ ਨਾਂ ਰਾਜੀ ਏ। ਖੈਰ, ਉਹਨੂੰ ਤਾਂ ਲੈ ਗਏ ਜਿਥੋਂ ਦੀ ਉਹ ਹੈ ਸੀ। ਪਰ ਉਹਦੇ ਸੱਪ ਵਰਗੇ ਕਾਲੇ ਵਾਲ ਤੇ ਆਹੂ-ਚਸ਼ਮਾਂ ਮੇਰੀ ਜਵਾਨ ਰੂਹ ਨੂੰ ਧੂਹ ਕੇ ਲੈ ਗਏ।

ਆਥਣੇ ਰਾਜੀ ਦਾ ਬਾਪ ਅੱਧੋਰਾਣੇ ਜਿਹੇ ਸਾਈਕਲ ਤੇ ਚੜ੍ਹ ਸਾਡੇ ਘਰ ਆਇਆ। ਉਹਨੇ ਕੁੰਡਾ ਖੜਕਾਇਆ। ਅਸੀਂ ਵਿਹੜੇ ਵਿਚ ਬੈਠੇ ਸਾਂ। ਬਾਪੂ ਹੁੱਕਾ ਪੀ ਰਿਹਾ ਸੀ ਤੇ ਮੈਂ ਉਹਦੇ ਕੋਲ ਬੈਠਾ ਰੂਪ ਬਸੰਤ ਦਾ ਕਿੱਸਾ ਸੁਣਾ ਰਿਹਾ ਸਾਂ :

—ਦੌਲਤ ਰਾਮ ਕੀ ਸ਼ੇਰ ਨੂੰ
ਜਾਣਦੇ ਨੇ,
ਰਾਖਾ ਜੀਹਨਾਂ ਦਾ ਆਪ
ਕਰਤਾਰ ਮੀਆਂ।

ਬਾਪੂ ਦਾਦ ਤੇ ਦਾਦ ਦੇ ਰਿਹਾ ਸੀ. 'ਬਈ ਹੈ ਵੀ ਠੀਕ! ਦੌਲਤ ਰਾਮ ਮੇਰੀ ਮਾਸੀ ਦਾ ਪੁੱਤ ਸੀ!'

'ਕੌਣ ਐ ਬਈ?......ਕੁੰਡਾ ਖੜਕਣ 'ਤੇ ਮੇਰੇ ਬਾਪੂ ਨੇ ਆਵਾਜ਼ ਦਿਤੀ।

—ਮੈਂ ਆਂ, ਚੌਧਰੀ, ਮੰਡੀਓਂ!'

...ਆਵਾਜ਼ ਆਈ।

—ਲੰਘਿਆ ਅੰਦਰ ਭਾਈ ਦਰ ਦਰ ਖੁੱਲ੍ਹਾ ਹੀ ਐ।

ਬੰਦਾ ਅੰਦਰ ਲੰਘ ਕੋਲ ਆ ਕੇ ਖਲੋ ਗਿਆ।

ਬਾਪੂ ਨੇ ਉਹਦਾ ਜਾਇਜ਼ਾ ਲਿਆ ਤੇ ਆਖਣ ਲਗਿਆ : 'ਬਹਿ ਜਾ ਭਾਈ, ਖੜ੍ਹਾ ਕਿਉਂ ਐਂ।......ਪਛਾਣਿਆ ਨੀ ਮੈਂ।'

—ਮੈਂ ਚੌਧਰੀ, ਮੰਡੀਉਂ ਆਂ। ਖੱਡੀ ਵਾਲਾ ਮਾਸਟਰ ਮੁਕੰਦੀ ਲਾਲ। ਸ਼ੁਕਰੀਆ ਕਰਨ ਆਇਆਂ। ਤੁਹਾਡੇ ਏਸ ਜਿਉਣ ਜੋਗੇ ਨੇ ਮੇਰੀ ਧੀ ਦੀ ਜਾਨ ਬਚਾਈ ਐ। ਇਕੋ ਇਕ ਧੀ ਐ ਮੇਰੀ। ਬੜੇ ਜੋਖਮਾਂ ਨਾਲ ਪਾਲੀ ਐ। ਸਾਲ ਕੁ ਦੀ ਸੀ ਜਦੋਂ ਉਹਦੀ ਮਾਂ ਮਰ ਗਈ ਸੀ। ਬੜਾ ਸੂਰਮਾ ਮੁੰਡਾ ਐ ਚੌਧਰੀ ਤੇਰਾ!

—ਪਰ ਇਹ ਏਡਾ ਸੂਰਮਾ ਤਾਂ ਹੈ ਨਹੀਂ। ਡਰਦਾ ਖੂਹ ਤੇ ਤਾਂ ਸੌਂਦਾ ਨੀ ਕੱਲਾ। ਪਰ ਮਾਸਟਰ, ਸ਼ੁਕਰੀਆ ਕਾਹਦਾ ਬਈ? ਧੀਆਂ ਤਾਂ ਸਾਰਿਆਂ ਦੀਆਂ ਹੀ ਸਾਂਝੀਆਂ ਹੁੰਦੀਆਂ ਨੇ। ਸ਼ੁਕਰ ਐ ਕੁੜੀ


# ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ

ਭਾਰਤ, ਪਾਕਿਸਤਾਨ, ਫੀਜੀ ਲੰਡਨ, ਸ੍ਰੀ ਲੰਕਾ, ਫਿਲਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

## ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ। ਜੇਕਰ ਤੁਸੀਂ ਲੰਡਨ ਠਹਿਰ ਕੇ ਵੀ ਜਾਣਾ ਹੈ ਤਾਂ ਵੀ ਭਾਰ ਪੂਰਾ ਲਿਜਾ ਸਕਦੇ ਹੋ।



AUTHORIZED AGENTS FOR: • AIR CANADA • BRITISH AIRWAYS • CANADIAN PACIFIC AIRLINES • CATHAY PACIFIC AIRWAYS • THAI INTERNATIONAL AIRWAYS & OTHER MAJOR AIRLINES.

## BAINS TRAVEL SERVICE

6364 Fraser Street, Vancouver, B.C. Ph. 324-2277

935 Marine Drive Capilano Mall, N. Vancouver

1710 Douglas St. Victoria, B.C. Ph. 386-6363

ਦੀ ਜਾਨ ਬਚ ਗਈ।

—ਚੌਧਰੀ ਆਹ ਦੋ ਤੌਲੀਏ ਲਿਆਂਦਿਆਂ ਬੋਤੇ ਵਾਸਤੇ। ਮੇਰੀ ਧੀ ਨੇ ਬੁਣੇ ਨੇ। ਕਬੂਲ ਕਰਨਾ।

ਬਾਪੂ ਹੁੱਕੇ ਦੀ ਨੜੀ ਪਾਸੇ ਭੁਆ ਉਠਿਆ। ਇਕ ਤੌਲੀਆ ਫੜਿਆ ਤੇ ਅੰਦਰੋਂ ਦੁੱਧ-ਚਿੱਟੀ ਸ਼ੱਕਰ ਦੀ ਥਾਲੀ ਭਰ ਲਿਆਇਆ ਤੇ ਬੋਲਿਆ : 'ਚੰਗਾ ਮਾਣ ਰੱਖਣ ਵਾਸਤੇ ਇਕ ਤੌਲੀਆ ਰਖ ਲੈਨਾ। ਆਹ ਸ਼ੱਕਰ ਲੈ ਜਾ ਬਈ ਮਾਸਟਰ, ਆਪਣੇ ਘਰ ਦੀ ਐ।'

ਖੱਡੀ ਮਾਸਟਰ ਚਲਿਆ ਗਿਆ। ਤੌਲੀਆ ਮੰਜੇ ਤੇ ਸਿਰਹਾਣੇ ਪਿਆ ਸੀ ਤੇ ਮੇਰੀ ਨਜ਼ਰ ਨਹੀਂ ਸੀ ਲਾਂਭੇ ਹੋ ਰਹੀ। ਗਜ਼-ਗਜ਼ ਲੰਮੇ ਵਾਲ ਤੇ ਆਹੂ-ਚਸ਼ਮਾ ਸਾਕਾਰ ਹੁੰਦੀਆਂ ਜਾ ਰਹੀਆਂ ਸਨ ਤੇ ਤੌਲੀਆ ਰਾਜੀ ਦੇ ਸਿਰ ਉਤੇ ਸੀ। ਨਹਾ ਕੇ ਨਿਕਲੀ ਸੀ। ਸੁਲਫੇ ਦੀ ਲਾਟ ਵਰਗੀ ਜਾਂ ਫ਼ਾਇਦ ਡੁੱਬ ਕੇ ਨਿਕਲੀ ਸੀ।

—ਗਾਹਾਂ ਚੱਲ। ਤੌਲੀਏ ਵਲ ਕੀ ਝਾਕੀ ਜਾਨੈ।......ਬਾਪੂ ਜ਼ਰਾ ਕਰਾਰਾ ਹੋ ਕੇ ਬੋਲਿਆ।

—ਹਾਂ ਬਾਪੂ !......ਉਸੇ ਵਕਤ ਗੁਰੂਆਂ ਮੈਨੂੰ ਨੀਂਦ ਆ ਢੁਕੀ।

ਆ ਕੇ ਹੋਣੀ ਨੇ ਦਸਤ
ਉਠਾਇਆ ਜੀ।
ਸੁੱਤੇ ਪਏ ਨੂੰ ਖਬਰ ਨਾ ਸਾਰ ਕੋਈ
ਮੈਨੂੰ ਸਰਪ ਨੇ ਮਾਰ ਮੁਕਾਇਆ ਜੀ।

ਬੱਸ ਤੌਲੀਆ ਕਾਹਦਾ ਸੀ, ਨਾਭੇ ਦੀ ਬੋਤਲ ਸੀ। ਕਈ ਵਾਰ ਦਿਲ ਵੀ ਕਰਦਾ ਸੀ ਕਿ ਕਦੇ ਰਾਜੀ ਦੇ ਦਰਸ਼ਨ ਹੀ ਹੋ ਜਾਣ। ਮੰਡੀ ਕਿਹੜਾ ਦੂਰ ਸੀ। ਪਰ ਉਦੋਂ ਇਕਹਿਰੀ ਪੇਂਡੂ ਆਬਾਦੀ ਹੋਣ ਕਰਕੇ ਸਮੇਂ ਬੜੇ ਸ਼ੱਕੀ ਹੁੰਦੇ ਸਨ। ਨਸਵਾਰ ਲੈਣ ਵਾਲੀਆਂ ਤੇ ਵਾਣ ਵੱਟਣ ਤੇ ਗਰੂਨੇ ਕੱਢਣ ਵਾਲੇ ਫੁੱਲ-ਟਾਈਮ ਸੀ.ਆਈ.ਡੀ. ਕਰਦੇ ਸਨ।

ਅਖੀਰ ਇਕ ਦਿਨ ਦਰਸ਼ਣ ਹੋ ਹੀ ਗਏ। ਸੌਣ-ਭਾਦੋਂ ਦਾ ਸਿਖਰ ਦੁਪਹਿਰ ਤੇ ਉਪਰੋਂ ਅੰਬਾਂ ਦਾ ਵੱਟ ! ਮੈਂ ਫਪਾਰ ਵਾਲੀ ਭੈਣ ਤੋਂ ਰੱਖੜੀ ਬੰਨ੍ਹਵਾ ਕੇ ਆਇਆ ਸਾਂ ਕਿ ਮੰਡੀ ਵੜਨ ਤੋਂ ਪਹਿਲਾਂ ਹੀ ਸਾਈਕਲ ਦੇ ਕੁੱਤੇ ਫੇਲ੍ਹ ਹੋ ਗਏ। ਮੈਂ ਸਾਈਕਲ ਦੇ ਪਹੀਆਂ ਨੂੰ ਵਾਰ-ਵਾਰ ਚੁੱਕ-ਚੁੱਕੇ ਧਰਤੀ ਤੇ ਮਾਰ ਰਿਹਾ ਸਾਂ। ਖੜਾਕ ਸੁਣ ਜਿਹੜਾ ਬੰਦਾ ਬਾਹਰ ਨਿਕਲਿਆ ਉਹ ਖੱਡੀ ਵਾਲਾ ਮਾਸਟਰ ਸੀ। ਮੈਨੂੰ ਮੁੜ੍ਹਕੋ-ਮੁੜ੍ਹਕੀ ਹੋਏ ਨੂੰ ਹਵਾ ਦੇ ਬੁੱਲੇ ਨੇ ਨਿਹਾਲ ਕਰ ਦਿਤਾ।

—ਬੇਟਾ ਅੰਦਰ ਚੱਲ। ਵੇਖ ਕਿੰਨੀ ਗਰਮੀ ਹੋਈ ਐ ਤੈਨੂੰ।

ਵਿਹੜੇ ਵਿਚ ਅੰਬ ਦਾ ਬੂਟਾ ਸੀ। ਕੋਇਲ ਕਿਥੇ ਸੀ ?

—ਰਾਜੀ ਬੇਟਾ ! ਵੇਖ ਤੇਰਾ ਮਸੀਹਾ ਆਇਐ।......ਖੱਡੀ ਮਾਸਟਰ ਨੇ ਆਪਣੀ ਧੀ ਨੂੰ ਆਵਾਜ਼ ਮਾਰੀ।

ਕਾਫੀ ਸਜੀ ਹੋਈ ਰਾਜੀ ਆਈ। ਹੱਥ ਜੋੜੇ। ਇੰਨੇ ਸੋਹਣੇ ਹੱਥ !...... ਉਸੇ ਪਲ ਅੰਦਰ ਚਲੀ ਗਈ। ਥੋੜ੍ਹਾ ਚਿਰ ਮਗਰੋਂ ਦੁੱਧ ਦੀ ਲੱਸੀ ਬਣਾ ਕੇ ਲਿਆਈ। ਮਿੱਠਾ ਜ਼ਰਾ ਤੇਜ਼ ਸੀ ਤੇ ਮੈਂ ਤੇਜ਼ ਹੀ ਪੀਂਦਾ ਸਾਂ। ਇਸ ਨੂੰ ਕਿਵੇਂ ਪਤਾ ਚਲ ਗਿਆ ? ਦਿਲਾਂ ਨੂੰ ਦਿਲਾਂ ਵਿਚ ਰਾਹ ਜਿਉਂ ਹੁੰਦੀ ਹੈ। ਉਹ ਮੁੜ ਅੰਦਰ ਚਲੀ ਗਈ। ਖੱਡੀ ਮਾਸਟਰ ਕਹਿਣ ਲਗਿਆ : 'ਬੇਟਾ, ਅੱਜ ਰਖੜੀਆਂ ਨੇ। ਨਵੇਂ ਕਪੜੇ ਪਾ ਕੇ ਵਿਚਾਰੀ ਸਜ ਤਾਂ ਜਾਂਦੀ ਐ, ਪਰ ਭਰਾ ਕੋਈ ਨੀ। ਬੜੀ ਉਦਾਸ ਹੋ ਰੱਖੜੀ ਮੇਰੇ ਹੀ ਗੁੱਟ ਤੇ ਬੰਨ੍ਹ ਦਿੰਦੀ ਐ।' ਇੰਜ ਆਖ ਉਹ ਉਦਾਸ ਹੋ ਗਿਆ।

ਇੰਨੇ ਨੂੰ ਰਾਜੀ ਇਕ ਥਾਲੀ ਲੈ ਕੇ ਆ ਗਈ ਤੇ ਥਾਲੀ ਵਿਚੋਂ ਰੱਖੜੀ ਚੁੱਕ ਮੈਨੂੰ ਸੰਬੋਧਨ ਹੋਈ : 'ਮੈਂ ਤੇਰੇ ਰੱਖੜੀ ਬੰਨ੍ਹ ਦੇਵਾਂ, ਬਾਈ ?'

ਪਲਾਂ-ਛਿਣਾਂ ਵਿਚ ਹੀ ਆਹੂ-ਚਸ਼ਮ ਮੇਰੇ ਸਾਹਵਿਉਂ ਅਲੋਪ ਹੋ ਗਈ। ਮੇਰੇ ਸਾਹਵੇਂ ਤਾਂ ਸੁੱਖਾਂ-ਮੁਰਾਦਾਂ ਦੀ ਥਾਲੀ ਵਿਚੋਂ ਭੈਣ-ਪਿਆਰ ਦੇ ਧਾਗੇ ਫੜੀ ਇਕ ਕੁੜੀ ਮੈਨੂੰ ਮਾਲਵੇ ਦੇ ਸਭ ਤੋਂ ਪਵਿੱਤਰ ਸ਼ਬਦ 'ਬਾਈ' ਨਾਲ ਸੰਬੋਧਨ ਕਰ ਰਹੀ ਸੀ।

—ਹਾਂ, ਭਾਈ ! ਆਖ ਮੈਂ ਗੁੱਟ ਅਗਾਂਹ ਕਰ ਦਿਤਾ।

ਤੇ ਰਾਈ ਰਿਫਅਤ ਸੁਲਤਾਨ, ਜਦੋਂ ਸਾਈਕਲ ਦੇ ਕੁੱਤੇ ਠੀਕ ਕਰਵਾ ਮੈਂ ਪਿੰਡ ਨੂੰ ਪਰਤ ਰਿਹਾ ਸਾਂ ਤਾਂ ਰਾਜੀ ਭੈਣ ਦੇ ਕਿੰਨੇ ਹੀ ਗੀਤ ਮੇ ਕੰਨਾਂ ਵਿਚ ਵਿਚ ਗੂੰਜ ਰਹੇ ਸਨ :

—ਅੱਧੀ ਰਾਤੋਂ ਖਤ ਘਲਿਆ,
ਵੀਰ ਪਹਿਲੀ ਗੱਡੀ ਚੜ੍ਹ ਆਇਆ।

ਤੇ ਬੱਦਲ ਘਿਰ ਆਏ ਸਨ। ਨਹਿਰ ਦੇ ਪੁਲਾਂ ਤੇ ਭਗਤ ਚਾਚਾ ਪਕੌੜੇ ਕਢ ਰਿਹਾ ਸੀ। ਅਮਲੀ ਆਪਣੀਆਂ ਸਿੱਲ੍ਹੀਆਂ ਸਿਗਰਟਾਂ, ਬੁੜਬੁੜ ਕਰਦੇ, ਭੱਠੀ ਤੇ ਸੇਕ ਰਹੇ ਸਨ : 'ਭੈਣ ਦੇਣੀਆਂ ਜੰਮ ਗਈਆਂ ਜਮਾਂ ਈ !'

ਨੇੜੇ ਹੀ ਬਾਬਾ ਚੇਤ ਰਾਮ ਦੀ ਬਗੀਚੀ ਵਿਚ ਮਾਲਵੇ ਦੇ ਅਲਬੇਲੇ ਗਭਰੂ ਪਹਿਲੇ ਤੋੜ ਦੀ ਦਾਰੂ ਪੀ ਰਹੇ ਸਨ। ਅਸਲ ਵਿਚ ਪਕੌੜੇ ਉਹਨਾਂ ਲਈ ਹੀ ਕੱਢੇ ਜਾ ਰਹੇ ਸਨ। ਮੈਂ ਵੀ ਉਹਨਾਂ ਵਲ ਚਲਿਆ ਗਿਆ ਸਾਂ। ਕਰਤਾਰੇ ਠੇਕੇਦਾਰ ਨੇ ਮੂੰਹ ਤੀਕ ਗਿਆ ਗਲਾਸ ਪਿਛਾਂਹ ਮੋੜ ਮੈਨੂੰ ਫੜਾਉਂਦਿਆਂ ਆਖਿਆ 'ਫੜ ਪੀ। ਵਾਈ ਬਾਈ ਦੀ ਰੁੱਤ ਐ। ਸੌਂਫੀਐ ! ਵਧਦੀ ਜਾਂਦੀ ਐ ਮੇਰੇ ਸਾਲੇ ਦੀ !'

ਮੈਂ ਗਟਗਟ ਕਰਕੇ ਪੀ ਗਿਆ ਤੇ ਤੇ ਨਾਲ ਖਾਧੇ ਇਮਲੀ ਦੀ ਚਟਣੀ ਨਾਲ ਪਕੌੜੇ। ਸੌਂਹ ਬੜੇ ਮਹਾਰਾਜ ਦੀ ਸੁਰਗਾਂ ਦੇ ਝੂਟੇ ਆ ਗਏ। ਵਲਾਇਤ 'ਚ ਬਥੇਰੀ ਪੀਤੀ ਐ। ਫ਼ਿਵਾਜਰੀਗਲ ਤੇ ਬਥੇਰੇ ਖਾਧੇ ਨੇ ਸਾਫ-ਸ਼ੱਫਾ ਕੁਕਿੰਗ ਆਇਲ 'ਚ ਤਲੇ ਹੋਏ ਪਕੌੜੇ। ਪਰ ਉੱਦਣ ਵਰਗਾ ਸੁਆਦ ਤਾਂ ਕਦੀ ਆਇਆ ਹੀ ਨਹੀਂ।

ਉਥੋਂ ਉਠੇ ਸਾਂ ਤਾਂ ਬਠਿੰਡਾ ਬਰਾਂਚ ਪਟਕੇਰੂ ਵਰਗੇ ਪਾਣੀ ਨਾਲ ਕੰਢੇ ਭੰਨਦੀ ਉਡੀ ਜਾ ਰਹੀ ਸੀ ਤੇ ਵਿਚ ਰੜੀਆਂ ਜਾ ਰਹੀਆਂ ਸਨ ਅੰਬੀਆਂ।


# ਭਾਰਤੀ ਆਰਟ ਜਿਊਲਰ

**ਸੋਹਣੇ ਗਹਿਣੇ ਭਾਰਤੀ ਡਿਜ਼ਾਇਨਾਂ ਵਿੱਚ ਬਣਾਉਣ ਲਈ ਸਾਡੀ ਦੁਕਾਨ ਤੇ ਆਕੇ ਦਰਸ਼ਨ ਦਿਓ।**

ਅਸੀਂ ਈਸਟ ਇੰਡੀਅਨ ਗਹਿਣੇ ਬਣਾਉਣ 'ਚ ਮਾਹਰ ਅਤੇ ਕਰਾਫਟਵੇਅਰ, ਓਰੀਐਂਟਲ, ਚਾਂਦੀ ਸੋਨੇ ਦੇ ਗਹਿਣਿਆਂ ਦੀ ਮੁਰੰਮਤ ਵੀ ਕਰਦੇ ਹਾਂ। ਅਸੀਂ ਕੰਨਾਂ ਤੇ ਨੱਕ ਲਈ ਪਿੰਜਜ਼ ਵੀ ਬਣਾਉਂਦੇ ਹਾਂ।

**BHARTI ART JEWELLERS**

**6524 MAIN STREET, VANCOUVER B.C.**

**Bus. 327-8711 Res. 879-5610**

# Star Drywall Construction Co. Ltd.

- Complete Drywall Service
- Guaranteed Work
- Free Estimates

**Sahib or Nake**

**Ph. (604) 589-4830**

**P.O.BOX 639**

**SURREY, B.C. V3T 5L9**

ਬੱਸ ਚੋਹਾਂ ਚੋਂ ਕਿਸੇ ਨੇ ਨਹੀਂ ਸੋਚਿਆ। ਕਪੜੇ ਲਾਹੇ ਤੇ ਛਾਲਾਂ ਮਾਰ ਦਿਤੀਆਂ। ਅੰਬੀਆਂ ਕੱਢੀਆਂ ਤੇ ਬਾਹਰ ਆ ਗਏ। ਅੰਬੀਆਂ ਦੀ ਚਟਣੀ ਰਗੜਾਂਗੇ।

ਸਾਈਕਲ ਹਥ ਫੜ ਯਾਰਾਂ ਨਾਲ ਪਿੰਡ ਨੂੰ ਤੁਰਦਾ ਆਇਆ। ਜਗੇੜੇ ਦੇ ਪੁਲ ਤੋਂ ਅੰਬਾਂ ਜਾਮਣਾਂ ਦੇ ਝੁੰਡਾਂ 'ਚੋਂ ਮੋਰ ਬੋਲਣ ਲਗ ਪਏ।

'ਖਬਰ ਨੀ ਸਾਲਾ ਹੋਰ ਮੀਂਹ ਪਵੇਗਾ। ਸਾਰਾ ਘਰ ਚੋਈ ਜਾਂਦੈ। ਸਾਰੀ ਰਾਤ ਬਾਪੂ ਬੋਰੀ ਦਾ ਝੁੰਬ ਮਾਰੀ ਗਲੀਆਂ ਮੁੰਦਦਾ ਰਿਹਾ', ਝੱਲੀਆਂ ਦਾ ਭਜਨਾ ਬੋਲਿਆ।

ਉਦੋਂ ਹੀ ਬਾਵਾ ਡੇਰੇ ਦੀਆਂ ਟੱਲੀਆਂ ਵੱਜਣ ਲੱਗੀਆਂ ਕਿਹਾ ਸੰਗੀਤ ਸੀ ਬਾਵੇ ਡੇਰੇ ਦੀਆਂ ਟੱਲੀਆਂ ਦਾ ਟੱਲੀਆਂ ਦਾ ਰਿਫਅਤ ਭਾਈ, ਜਿਹੜਾ ਬੇਗ ਨੇ ਦੇਸ਼ ਵਿਚ ਪਲ ਪਲ ਮੇਰੇ ਕੰਨਾਂ ਵਿਚ ਅੰਮ੍ਰਿਤ ਤੇ ਵਰਾਗ ਘੋਲਦਾ ਰਿਹਾ ਹੈ। ਹੁਣ ਵੀ, ਤਾਂ ਹੀ ਤਾਂ ਮੈਂ ਕਾਰ ਦੀ ਟੇਪ ਬੰਦ ਕਰ ਦਿਤੀ ਹੈ।

......ਤੁਰਦਿਆਂ ਤੁਰਦਿਆਂ ਤਾਰ ਦੀ ਨਜ਼ਰ ਮੇਰੇ ਬੂਟ 'ਤੇ ਪੈ ਗਈ ਸੀ।

—'ਦੋ-ਦੋ ਪੰਚੀਆਂ ਬੰਨ੍ਹੀਆਂ ਨੇ?

—ਇੱਕ ਛਖਾਰ ਵਾਲੀ ਬੀਬੀ ਨੇ ਬੰਨ੍ਹੀ ਐ ਤੇ ਦੂਜੀ ਓਸ ਕੁੜੀ ਨੇ ਜੀਹਨੂੰ ਡੁੱਬਦੀ ਨੂੰ ਬਚਾਇਆ ਸੀ।

—ਕਿੰਨੇ ਪੈਸੇ ਦਿਤੇ?

—ਬੀਬੀ ਨੂੰ ਪੰਜ ਦਿਤੇ ਸੀ। ਕੁੜੀ ਨੂੰ ਤਾਂ ਯਾਰ ਕੁਝ ਦੇਣਾ ਹੀ ਭੁਲ ਗਿਆ।

—ਕੁੜੀਆਂ ਦੇ ਘਰ ਖਾਲੀ ਹਥ ਨੀ ਜਾਈਦਾ। ਇਨਾਂ ਨੂੰ ਦਿਤਿਆਂ ਬੜੀ ਬਰਕਤ ਆਉਂਦੀ ਐ।

—ਠੀਕ ਐ ਬਾਈ ਜਿਆਂ, ਭੁਲ ਹੋ ਗਈ। ਕਿਸੇ ਦਿਨ ਜਾ ਕੇ ਦੇ ਆਵਾਂਗਾ ਨਾਲੇ ਛੱਲੀਆਂ ਲੈ ਜਾਵਾਂਗਾ।

ਨਹਿਰ ਦੇ ਗੰਧਲੇ ਪਾਣੀ ਨਾਲ ਮੇਰਾ ਪਿੰਡਾ ਖੁਸ਼ਕ ਹੋ ਗਿਆ ਸੀ। ਘਰ ਆ ਕੇ ਨਹਾਤਾ ਤੇ ਜਦੋਂ ਭਾਜੀ ਦੇ ਤੌਲੀਏ ਨਾਲ ਪਿੰਡਾ ਪੂੰਝਣ ਲਗਿਆ ਤਾਂ ਉਹ ਵਿਚ ਨਿੱਘ ਤਾਂ ਅੰਤਾਂ ਦਾ ਸੀ, ਪਰ ਸਨਸਨੀ ਨਹੀਂ ਸੀ। ਫਿਰ ਪਤਾ ਨਹੀਂ ਮੇਰੇ ਮਨ ਵਿਚ ਕੀ ਆਇਆ ਕਿ ਚਲੋ ਕੀ ਮੈਲਾ ਕਰਨਾ ਹੈ। ਅਣਛਿਆ ਹੀ ਰਹਿਣ ਦਿੰਦੇ ਹਾਂ। ਕਿਸੇ ਜੁਆਈ-ਭਾਈ ਦੇ ਕੰਮ ਆ ਜਾਵੇਗਾ।

ਇਹ ਸਾਰਾ ਕੁਝ ਮੈਂ ਕਿਰਨ ਰੈਸ-ਰੋਂਟ ਤੋਂ ਘਰ ਨੂੰ ਆਉਂਦਿਆਂ ਸੋਚਿਆ। ਰਿਫਅਤ ਸੁਲਤਾਨ! ਇਹ ਕੀ ਕਰ ਦਿਤਾ ਤੂੰ ਮੈਨੂੰ? ਮੇਰੇ ਵਰਗਾਂ ਨੂੰ ਸੀਪ ਕੇ ਰਖ ਦਿਤਾ ਤੂੰ ਤਾਂ! ਮੈਂ ਤਾਂ ਯਾਰ ਮਰ ਜਾਵਾਂਗਾ ਜੇ ਮਾਲਵਾ ਨਾ ਵੇਖਿਆ। ਚਲੋ ਠੀਕ ਐ। ਹੁਣ ਤਾਂ ਜਰੂਰ ਵੇਖਾਂਗਾ। ਕੰਮ ਤਾਂ ਸਾਲੇ ਸਾਰੀ ਉਮਰ ਨਹੀਂ ਮੁਕਣੇ। ਬੱਸ ਹੁਣ ਤਾਂ ਤੁਰ ਹੀ ਜਾਣਾ ਹੈ ਤੇ ਸਾਰਾ ਮਾਲਵਾ ਗਾਹੁਣਾ ਹੈ...

ਪਰ ਇਕ ਡਰ ਹੈ: ਸੁਣਦੇ ਪੜ੍ਹਦੇ ਹਾਂ ਕਿ ਪੰਜਾਬ ਵਿਚ ਹਨੇਰਗਰਦੀ ਮੱਚੀ ਹੋਈ ਹੈ। ਸਵੇਰੇ ਗਿਆ ਦੀ ਆਥਣੇ ਮੁੜਨ ਦੀ ਕੋਈ ਪਰਤੀਤ ਨਹੀਂ ਹੈ। ਰਿਫਅਤ ਭਾਈ! ਤੂੰ ਵੀ ਤਾਂ 1947 ਦੀ ਵੰਡ ਦਾ ਕਤਲਾਮ ਆਪਣੇ ਪਿੰਡੇ ਅਤੇ ਰੂਹ ਤੇ ਭੋਗਿਆ ਹੈ। ਤੂੰ ਹੀ ਦਸ ਭਾਈ! ਧਰਮ ਦੇ ਬੋਲ ਬਾਲੇ ਲਈ ਇਨਸਾਨੀ ਕਤਲ ਕਿਉਂ ਜ਼ਰੂਰੀ ਹੋ ਜਾਂਦੇ ਹਨ? ਫਿਰ ਜਦੋਂ ਇਹ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ ਤਾਂ ਧਰਮ ਖੰਭ ਲਾ ਕਿਉਂ ਉਡ ਜਾਂਦਾ ਹੈ? ਸਿਰਫ ਲਹੂ ਹੀ ਧਰਮ ਤੇ ਲਹੂ ਹੀ ਸਭ ਕਿਉਂ ਬਣ ਜਾਂਦਾ ਹੈ?

...ਪਰ ਰਿਫਅਤ ਭਾਈ! ਆਪਾਂ ਕਲਾਕਾਰ ਲੋਕ ਲਹੂ ਤੋਂ ਬਹੁਤ ਘਬਰਾਉਂਦੇ ਹਾਂ। ਹਰ ਲਾਸ਼ ਸਾਡੀ ਆਪਣੀ ਲਾਸ਼ ਹੋ ਨਿਬੜਦੀ ਹੈ। ਉਦੋਂ ਤਾਂ ਬਸ ਇਹੀ ਜੀਅ ਕਰਦਾ ਹੈ ਕਿ ਆਪਣੀ ਮਿੱਟੀ ਤੇ ਆਪਣੇ ਪਾਣੀਆਂ ਨੂੰ ਸਤ ਵਾਰ ਕਿਨਾਰਾਕਸ਼ੀ ਕਰ ਲਈਏ ਤੇ ਵੇਦਾਂਤ ਅਤੇ ਜੋਤਿਸ਼ ਵਿਦਿਆ ਵਿਚ ਲੀਨ ਹੋ ਜਾਈਏ।...ਪਰ ਜੀਂਦਿਆਂ ਮਰਿਆ ਵੀ ਤਾਂ ਨਹੀਂ ਜਾਂਦਾ। ਹੋ ਸਕਦਾ ਹੈ ਕਿ ਬਲ ਨੂੰ ਉਸੇ ਦੀ ਜੀਭ ਖਿਚ ਲਈ ਜਾਵੇ ਜਿਹੜਾ ਕਹਿੰਦਾ ਹੈ ਕਿ ਜੀਭ ਨਾਲੋਂ ਚੁੱਪ ਚੰਗੀ ਹੁੰਦੀ ਹੈ।

...ਚਲੋ, ਸ਼ੰਕਾ ਕਾਹਨੂੰ ਰਹਿਣ ਦੇਣੀ ਹੈ। ਚਿੱਠੀ ਪਾ ਕੇ ਪਤਾ ਕਰ ਲੈਂਦੇ ਹਾਂ। ਕੇਵਲ ਤੋਂ ਵਧ ਯਕੀਨ ਨਾਲ ਕਿਹੜਾ ਦੱਸੇਗਾ?...

ਇਸ ਲਈ ਕੇਵਲ ਨੂੰ ਚਿੱਠੀ ਲਿਖ ਪਹਿਲੀ ਡਾਕ ਵਿਚ ਪਾ ਦਿਤੀ। ਚਿੱਠੀ ਸ਼ੁਰੂ ਵੀ ਕੀਤੀ ਤਾਂ ਇਸ ਤਰਾਂ:

—ਰੂਪ ਕੀ ਨਗਰੀ ਝੰਗ ਕੇ ਚੰਚਲ
ਅਲਬੇਲੇ ਆਹੂ ਚਸ਼ਮਾ
ਜਾ ਜਾਨੇ ਕਿਆ ਸੋਚ ਕੇ
ਰਿਫਅਤ ਕੇ ਦਿਲ ਕੋ ਤੜਪਾਤੇ ਹੈਂ

ਨਾਲ ਇਹ ਵੀ ਤਾਕੀਦ ਕਰ ਦਿਤੀ ਕਿ ਝੰਗ ਦੀ ਥਾਂ ਮਾਲਵਾ ਤੇ ਰਿਫਅਤ ਦੀ ਥਾਂ ਮੈਨੂੰ ਸਮਝ ਲਵੀਂ। ਚਾਹੇ ਚਾਹੇ ਵਜ਼ਨ ਤੇ ਪੂਰੀ ਹੋਵੇ ਚਾਹੇ ਨਾ।

— — —

ਅਜ ਕੇਵਲ ਨੇ ਮੇਰੀ ਚਿੱਠੀ ਦਾ ਜਵਾਬ ਘਲਿਆ ਸੀ:

...ਤੇਰਾ ਬਹੁਤ ਹੀ ਵਰਾਗ-ਭਰਿਆ ਜਜ਼ਬਾਤੀ ਖਤ ਮਿਲਿਆ। ਮੈਂ ਤੇਰੇ ਮਨ ਦੀ ਹਾਲਤ ਨੂੰ ਖੂਬ ਸਮਝਦਾ ਹਾਂ। ਇਕ ਮਹੀਨਾ ਪਿੰਡ ਨਾ ਜਾਵਾਂ ਤਾਂ ਮੈਨੂੰ ਵੀ ਐਗਰੀਕਲਚਰ ਯੂਨੀਵਰਸਿਟੀ ਤੇ ਲੁਧਿਆਣਾ ਕਬਰਸਤਾਨ ਲਗਣ ਲਗਦੇ ਹਨ। ਤੈਨੂੰ ਤਾਂ ਫੇਰ ਵੀਹ-ਪੱਚੀ ਸਾਲ ਹੋ ਗਏ ਹਨ, ਦੂਜੇ ਮੁਲਕ ਵਿਚ ਆਪ-ਸਹੇੜਿਆਂ ਬਣਵਾਸ ਕਟਦੇ ਨੂੰ, ਉਂਜ ਮੈਂ ਖੁਸ਼ ਹਾਂ ਕਿ ਤੇਰੇ ਅੰਦਰੋਂ ਮਾਲਵਾ ਨਹੀਂ ਮਰਿਆ। ਜੇ ਮਰ ਜਾਂਦਾ ਤਾਂ ਫਿਰ ਤੂੰ ਤੂੰ ਨਹੀਂ ਸੀ ਰਹਿਣਾ।

ਦਰਅਸਲ ਤੇਰੇ ਖਤ ਦਾ ਜਵਾਬ ਮੈਂ ਰਾਤ ਨੂੰ ਰੋਟੀ-ਟੁੱਕ ਖਾ, ਆਪਣੀ ਪਤਨੀ ਨਾਲ ਸਲਾਹ ਕਰ, ਨਜਿੱਠ ਕੇ ਬਹਿ, ਸੋਹਣੇ ਸੋਹਣੇ ਅੱਖਰਾਂ ਵਿਚ ਲਿਖਣਾ ਸੀ। ਜਦੋਂ ਦਾ ਪੰਜਾਬ ਵਿਚ ਘਮਸਾਣ ਪਿਆ ਹੈ, ਅੱਖਰਾਂ ਦਾ ਮੁੱਲ ਬਹੁਤ ਘਟ ਗਿਆ ਹੈ। ਸੋਚਦਾ ਹਾਂ ਜੇ ਕੁਝ ਸੋਹਣੇ ਅੱਖਰ ਪੰਜਾਬ ਤੋਂ ਬਾਹਰ ਚਲੇ ਜਾਣ ਤਾਂ ਪੁੰਨ ਲੱਗੇਗਾ।

ਇਸ ਵਕਤ ਮੈਂ ਕਾਹਲ ਵਿਚ ਹਾਂ

dhannu printing co. ltd.
ਧੰਨੂ ਪ੍ਰਿੰਟਿੰਗ ਕੰਪਨੀ ਲਿਮਿ:
ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿੰਗ ਲਈ ਫੋਨ ਕਰੋ ਜਾਂ ਦਰਸ਼ਨ ਦਿਓ
ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ
ਦੇ ਕਾਰਡ ਪਸੰਦ ਕਰੋ
ਵਾਜਬ ਕੀਮਤਾਂ — ਵਧੀਆ ਕੁਆਲਿਟੀ
"FOR ALL YOUR PRINTING NEEDS"
Ph. Bus. 585-2004 Res. 585-7916
10281 - 133A St., SURREY, B.C. V3T 4A1

ਮੈਂ ਇਕ ਭੋਗ ਤੇ ਜਾਣਾ ਹੈ। ਜਿਸ ਦਾ ਭੋਗ ਹੈ, ਉਸਨੂੰ ਤਾਂ ਤੂੰ ਬਹੁਤ ਚੰਗੀ ਤਰਾਂ ਜਾਣਦਾ ਹੈ : ਸਤਵੰਤ ਕੌਰ ਲਿੱਦੜ। ਇਹ ਬੀਬੀ ਕਿਲਾ ਰਾਇਪੁਰ ਤੋਂ ਹੀ ਕੁਲੀਗ ਹੁੰਦੀ ਸੀ। ਉਥੋਂ ਇਹ ਗਰੇਵਾਲ ਹੁੰਦੀ ਸੀ। ਤੇਰਾ ਬੜੀ ਇੱਜ਼ਤ ਨਾਲ ਨਾਂ ਲੈਂਦੀ ਹੁੰਦੀ ਸੀ। ਲਾਈਟ ਮੂਡ ਵਿਚ ਇਕ ਗਲ ਵੀ ਸੁਣਾਇਆ ਕਰਦੀ ਸੀ। ਇਕ ਵਾਰ ਇਹ ਤੁਰੀ ਆ ਰਹੀ ਸੀ ਕਿ ਤੂੰ ਤੇ ਇਕ ਤੇਰਾ ਰੁਮਾਂਟਿਕ ਜਿਹਾ ਕੁਲੀਗ ਧੁੱਪੇ ਬੈਠੇ ਸੀ। ਉਹ ਆਖਣ ਲਗਿਆ : ਯਾਰ, ਇਹ ਮਾਸਟਰਨੀ ਤਾਂ ਨਿਰੀ ਤਸਵੀਰ ਐ। ਇਹਦੀ ਸ਼ਪ ਵਰਗੀ ਗੁੱਤ ਵੇਖ ਤਾਂ ਇੰਜ ਲਗਦਾ ਹੈ ਜਿਵੇਂ ਇਹਦੇ ਵਾਲਾਂ ਵਿਚ ਕਵਿਤਾ ਨਚਦੀ ਹੈ। ਉਹਦੀ ਗਲ ਸੁਣ ਤੂੰ ਆਖਿਆ ਸੀ 'ਇਹ ਤਾਂ ਨਜ਼ਰ ਨਜ਼ਰ ਦੀ ਗੱਲ ਹੈ। ਮੈਨੂੰ ਤਾਂ ਇੰਜ ਲਗਦਾ ਹੈ ਜਿਵੇਂ ਕੋਈ ਮੰਦਰ ਦੀ ਮੂਰਤੀ ਤੁਰੀ ਆ ਰਹੀ ਹੋਵੇ।

ਤੂੰ ਪੁਛੇਂਗਾ ਕਿ ਉਹਨੂੰ ਤੇਰੇ ਇਨ੍ਹਾਂ ਸ਼ਬਦਾਂ ਦਾ ਕਿਵੇਂ ਪਤਾ ਲਗ ਗਿਆ ਸੀ। ਉਸੇ ਤੇਰੇ ਕੁਲੀਗ ਨਾਲ ਉਹਦਾ ਵਿਆਹ ਹੋ ਗਿਆ ਸੀ। ਇੰਨਾ ਸੌਖਾ ਨਹੀਂ ਸੀ ਹੋਇਆ। ਜਦੋਂ ਉਸ ਨੇ ਪੇਸ਼ਕਸ਼ ਕੀਤੀ ਤਾਂ ਸਤਵੰਤ ਆਖਣ ਲਗੀ : ਵਿਆਹ ਬਾਰੇ ਤਾਂ ਮੈਂ ਕਦੀ ਸੋਚਿਆ ਹੀ ਨਹੀਂ। ਉਂਜ ਤੁਸੀਂ ਚੰਗੇ ਅਧਿਆਪਕ ਤੇ ਇਨਸਾਨ ਹੋ। ਪਰ ਮੈਂ ਉਹ ਨਹੀਂ ਹਾਂ ਜਿਹੜੀ ਉਪਰੋਂ ਨਜ਼ਰ ਆਉਂਦੀ ਹਾਂ। ਸਾਡੇ ਪੰਜਾਂ ਭੈਣਾਂ ਤੋਂ ਬਾਅਦ ਬਾਪੂ ਜੀ ਪੂਰੇ ਹੋ ਗਏ ਸਨ। ਮੈਂ ਸਭ ਤੋਂ ਵੱਡੀ ਹਾਂ। ਗਰੇਵਾਲਾਂ ਕੋਲੇ ਜਿੰਨੀ ਕੁ ਜ਼ਮੀਨ ਹੁੰਦੀ ਹੈ, ਤੁਹਾਨੂੰ ਪਤਾ ਹੀ ਐ। ਮੈਂ ਛੋਟੀਆਂ ਚੌਹਾਂ ਭੈਣਾਂ ਨੂੰ ਪੜ੍ਹਾਉਣਾ ਤੇ ਵਿਆਹੁਣਾ ਏ। ਉਦੋਂ ਤੀਕ ਮੈਂ ਕਿਸੇ ਰੁਮਾਂਟਿਕ ਸੋਚ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਨਹੀਂ ਬਣਾ ਸਕਦੀ। ਕਰ ਸਕੋਗੇ ਏਨਾ ਲੰਮਾ ਤੇ ਖਾਮੋਸ਼ ਇੰਤਜ਼ਾਰ, ਲਿੱਦੜ ਸਾਹਿਬ ?

ਹਾਂ, ਉਸ ਨੇ ਇੰਨਾ ਲੰਮਾ ਇੰਤਜ਼ਾਰ ਕੀਤਾ ਤੇ ਉਦੋਂ ਤੀਕ ਖਾਮੋਸ਼ ਵੀ! ਐਮ. ਏ. ਕੀਤੀ ਤੇ ਪੰਜਾਬ ਵਿਚੋਂ ਫਸਟ ਆਇਆ ਤੇ ਏਥੇ ਮੇਰੇ ਨਾਲ ਹੀ ਯੂਨੀਵਰਸਿਟੀ ਵਿਚ ਲੈਕਚਰਰ ਲਗ ਗਿਆ। ਇੰਨੇ ਨੂੰ ਸਤਵੰਤ ਨੇ ਵੀ ਕਬੀਲਦਾਰੀ ਕਿਓਂਟ ਲਈ। ਦੋਹਾਂ ਦਾ ਵਿਆਹ ਹੋ ਗਿਆ। ਬੱਚੇ ਹੋ ਗਏ। ਅਗਰ ਨਗਰ ਵਿਚ ਆਪਣੀ ਕੋਠੀ ਪਾ ਲਈ, ਜਿਸ ਵਿਚ ਬੜੀ ਰੀਝ ਤੇ ਸਤਿਕਾਰ ਨਾਲ ਇਕ ਕਮਰਾ ਉਚੇਚੇ ਤੌਰ ਤੇ ਗੁਰੂ ਗਰੰਥ ਸਾਹਿਬ ਦੇ ਪਰਕਾਸ਼ ਲਈ ਰਾਖਵਾਂ ਰਖਿਆ। ਦੋਵੇਂ ਜੀਅ ਬੜੀਆਂ ਧਾਰਮਿਕ ਰੁਚੀਆਂ ਵਾਲੇ, ਪਾਰਟੀਬਾਜ਼ੀ ਤੇ ਰਾਜਨੀਤੀ ਤੋਂ ਨਿਰਲੇਪ ਸਨ। ਸਾਧੇ ਤੇ ਦਰਵੇਸ਼ ਜਿਹੇ ਲੋਕ। ਉਹਨਾਂ ਦੀ ਕੋਠੀ ਵਿਚ ਇੰਨੀ ਸ਼ਾਂਤੀ ਹੁੰਦੀ ਸੀ ਕਿ ਕਦੀ-ਕਦੀ ਅਸੀਂ ਵੀ ਕੁਝ ਚੈਨ ਦੀਆਂ ਘੜੀਆਂ ਬਿਤਾਉਣ ਚਲੇ ਜਾਂਦੇ ਸਾਂ। ਸਾਦਾ ਤੇ ਵੈਸ਼ਨੋ ਭੋਜਨ ਮਿਲਦਾ ਸੀ ਤੇ ਪ੍ਰਸ਼ਾਦ ਵੀ। ਰੂਹ ਸ਼ਾਂਤ ਤੇ ਤ੍ਰਿਪਤ ਹੋ ਜਾਂਦੀ ਸੀ।

...ਥੋੜੇ ਦਿਨਾਂ ਦੀ ਗਲ ਹੈ। ਲੜਕੀਆਂ ਦੇ ਸਰਕਾਰੀ ਸਕੂਲ ਦੀ ਹੈਡਮਿਸਟਰਸ ਮੈਡਮ, ਜਾਣੀ ਮਿਸਜ਼ ਲਿੱਦੜ ਜਾਣੀ ਸਤਵੰਤ ਨਹਾ ਧੋ, ਮਹਾਰਾਜ ਦਾ ਵਾਕ ਲੈ, ਨਾਸ਼ਤਾ ਕਰ, ਸਕੂਲ ਜਾਣ ਲਈ ਰਿਕਸ਼ੇ ਵਿਚ ਬੈਠੀ ਤੇ ਰਿਕਸ਼ਾ ਰੋਜ਼ ਵਾਂਗ ਤੁਰ ਪਿਆ। ਦੋ ਮੋਟਰ ਸਾਈਕਲ ਸਵਾਰ ਆਏ, ਰਿਕਸ਼ੇ ਦੀ ਛਤਰੀ ਦਾ ਫਲੈਪ ਚੁਕਿਆ ਤੇ ਸਾਈਲੈਂਸਰ ਵਾਲੇ ਪਸਤੌਲ ਨਾਲ ਚਾਰ ਗੋਲੀਆਂ ਮੈਡਮ ਦੀ ਪਿੱਠ ਵਿਚ ਉਤਾਰ ਦਿਤੀਆਂ। ਮਿਸ ਬਰਾਊਨ ਜਾਂਦਿਆਂ ਹੀ ਉਹ ਦਮ ਤੋੜ ਗਈ। ਅਜ ਉਹਦੇ ਨਮਿੱਤ ਰਖੇ ਪਾਠ ਦਾ ਭੋਗ ਪੈਣਾ ਹੈ ਤੇ ਮੈਂ ਉਥੇ ਚਲਿਆ ਹਾਂ। ਜਾਣ ਤੋਂ ਪਹਿਲਾਂ ਮੈਂ ਸੋਚਿਆ ਕਿ ਤੈਨੂੰ ਚਿੱਠੀ ਲਿਖ ਜਾਵਾਂ।...ਕੀ ਪਤੈ...? ਕਿਉਂਕਿ ਮੈਂ ਵੀ ਰਿਕਸ਼ੇ ਵਿਚ ਹੀ ਬੈਠ ਕੇ ਜਾਣਾ ਹੈ।

...ਤੇਰੇ ਖਤ ਦਾ ਜਵਾਬ ਮੈਂ ਵਾਪਸ ਆ ਨਜਿੱਠ ਕੇ ਦੇਵਾਂਗਾ।

...ਚੰਗਾ ਮੈਂ ਭੋਗ 'ਤੇ ਜਾਣਾ ਹੈ।

ਜੇ ਮੇਰਾ ਭੋਗ ਪਿਆ ਤਾਂ ਤੂੰ ਜ਼ਰੂਰ ਆਵੀਂ। ਡਰੀਂ ਨਾ!

— — —

ਕੇਵਲ ਦੀ ਚਿੱਠੀ ਉਸੇ ਤਰਾਂ ਮੇਰੇ ਹੱਥਾਂ ਵਿਚ ਫੜੀ ਕੰਬ ਰਹੀ ਸੀ। ਰੁਮਾਲ ਛੇਤੀ ਨਾ ਮਿਲਣ ਕਰਕੇ ਇਕ ਹੰਝੂ ਚਿੱਠੀ ਦੇ 'ਭੋਗ ਸ਼ਬਦ' ਤੇ ਡਿਗ ਪਿਆ ਤੇ ਨੀਲੋ ਨੀਲ ਹੋਇਆ 'ਭੋਗ' ਪਤਾ ਨਹੀਂ ਕਿਹੜੇ ਵੇਲੇ ਲਹੂਲੁਹਾਨ ਹੋ ਗਿਆ।

## ਗ਼ਜ਼ਲ

ਸੁਲੱਖਣ 'ਸਰਹੱਦੀ'

—ਹੱਕਾਂ ਵਾਲੇ ਜਦ ਹੱਕਾਂ ਲਈ ਲੜਦੇ ਨੇ,
ਹੱਕ ਮਾਰਾਂ ਨੂੰ ਡਾਢੇ ਵਟਣੇ ਚੜ੍ਹਦੇ ਨੇ।

—ਭਾਵੁਕ ਫਿਰਕੂ ਜੰਗ ਤਾਂ ਪਾਣੀ ਹੜ੍ਹ ਦੇ ਨੇ,
ਓਸੇ ਤੋਰੇ ਲੱਥਣ ਜਿੱਦਾਂ ਚੜ੍ਹਦੇ ਨੇ,

—ਉੱਲੂ ਸਹਿਮੇ ਸਹਿਮੇ ਵੇਖਣ ਮਮਟੀਆਂ ਤੋਂ,
ਕਿਰਨਾਂ ਦੇ ਜਦ ਸੂਹੇ ਲਸ਼ਕਰ ਚੜ੍ਹਦੇ ਨੇ।

—ਜ਼ੁਲਮ ਸਿਤਮ ਦੇ ਝੱਖੜ ਤੇਜ਼ ਨੇ ਪਰ ਸਾਥੀ!
ਝੱਖੜਾਂ ਸਾਹਵੇਂ ਵੀ ਤਾਂ ਰੁੱਖ ਹੀ ਅੜਦੇ ਨੇ।

—ਕੂਲਰਾਂ ਸਾਹਵੇਂ ਆਉਣ ਪਸੀਨੇ ਪੱਥਰਾਂ ਨੂੰ,
ਯੋਧੇ ਜਦ ਇਉਂ ਚੰਡੀਗੜ੍ਹ ਆ ਵੜਦੇ ਨੇ।

—ਕੁੱਲੀ ਗੁੱਲੀ ਜੁੱਲੀ ਖਾਤਿਰ ਲੜਦੇ ਲੋਕ,
ਫੁੱਲੀਆਂ ਤੋਂ ਤਾਂ ਕੇਵਲ ਬਾਂਦਰ ਲੜਦੇ ਨੇ।

—ਜ਼ਾਲਿਮ ਜੂਹੀਂ ਜੂਝਣ 'ਰਾਣੇ' ਕਿਰਤਾਂ ਦੇ,
'ਢਿੱਲੂ' ਸ਼ਾਹ ਜੀ ਅਖਬਾਰਾਂ ਵਿਚ ਲੜਦੇ ਨੇ।

—ਗਾਲੜ ਤਾਂ ਹਨ ਬਾਦ 'ਚ ਬਣਦੇ ਪਟਵਾਰੀ,
ਪਹਿਲਾਂ ਲਹਿ ਲਹਿ ਕਰਦੇ ਬਾਗ ਉਜੜਦੇ ਨੇ

—ਸੱਪਾਂ ਦੁੱਧ ਪਿਲਾਉਂਦੇ ਵੈਰੀ ਲੋਕਾਂ ਦੇ,
ਲੋਕਾਂ ਜਾਏ ਸੱਪਾਂ ਸਿਰੀਉਂ ਫੜਦੇ ਨੇ।

—ਉਹ ਜੋ ਤੋਪਾਂ ਤੱਕ ਦਾ ਲੋਹਾ ਖਾ ਗਏ ਦੈਂਤ,
ਤੱਕਣਾ ਹਾਰ ਸਿਪਾਹੀਆਂ ਸਿਰ ਕਿੰਜ ਮੜ੍ਹਦੇ ਨੇ।

—ਬੁਰਿਆਂ ਦੇ ਘਰ ਆ ਪਹੁੰਚੇ ਹਾਂ 'ਸਰਹੱਦੀ'
ਵੇਖਾਂਗੇ ਕਿੰਝ ਬੁਰੀਆਂ ਕਿਸਮਤਾਂ ਘੜਦੇ ਨੇ।



ਗੁਰਜੀਤ ਬਾਵਾ ਢੀਂਡਸਾ
1987 ਦਾ ਟੌਪ ਸੇਲ ਮੈਨ ਐਵਾਰਡ ਜੇਤੂ

GM WESTMINSTER

FOR BEST DEAL & BEST SERVICE

12th. STREET AT QUEENS AVE., NEW WESTMINSTER, B.C.

BUS. 521-7731 PAGER 687-1985 #5531

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ। ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ



# ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ (ਵਿਲੀਅਮਜ਼ਲੇਕ ਬਰਾਂਚ) ਵਲੋਂ ਸਫਲ ਪਬਲਿਕ ਮੀਟਿੰਗ

## ਸ਼ਹੀਦਾਂ ਨੂੰ ਪ੍ਰਣਾਮ

ਵਿਲੀਅਮਜ਼ਲੇਕ — ਇਥੇ ਓਵਰਲੈਂਡਰ ਮੋਟਲ 'ਚ ਲਗਭਗ 400 ਦੇ ਭਾਰੀ ਇਕੱਠ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਅਤੇ ਹੋਰ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਪ੍ਰੋਗਰਾਮ ਦੋ ਹਿੱਸਿਆਂ 'ਚ ਸੀ (ੳ) ਅੰਗਰੇਜ਼ੀ (ਅ) ਪੰਜਾਬੀ।

ਪਹਿਲੇ ਭਾਗ ਦੇ ਰਾਬਤੇ ਨਿੱਕੀ ਨੇ ਜੋ-ਹਿਲ, I.W.W. ਦੇ ਅੰਗਰੇਜ਼ੀ 'ਚ ਗੀਤ ਗਾਏ ਸ਼ਾਨਦਾਰ ਨੁੱਕ ਬੱਝ ਗਈ। ਪਹਿਲਾ ਬੁਲਾਰਾ Ivon Waddll ਸੀ ਜੋ Labour Council ਦਾ 1st Vice Pr. ਹੈ ਤੇ ਪਿਛਲੇ ਵਰ੍ਹੇ ਪ੍ਰਧਾਨ ਸੀ ਉਸ ਨੇ grass roots ਤੇ ਜ਼ੋਰ ਦਿੱਤਾ ਕਿ ਬਹੁਤਿਆਂ ਮਸਲਿਆਂ ਦਾ ਹੱਲ ਸਰਕਾਰ ਬਦਲਣਾ ਹੈ ਤੇ ਇਹ ਮੁਢਲੇ ਮੈਂਬਰਾਂ ਨੇ ਹੀ ਕਰਨਾ ਹੈ। ਦੂਜਾ ਬੁਲਾਰਾ ਆਈ. ਡਬਲਿਯੂ. ਏ. 425 ਦਾ ਪ੍ਰਧਾਨ Hervey Arcand ਸੀ। ਉਸਨੇ ਯੂਨੀਅਨਾਂ ਦਾ ਰੋਲ ਦੱਸਿਆ ਬੀ. ਸੀ. ਦੇ ਪ੍ਰਧਾਨ ਦੀ ਪਾਲਸੀ ਦੱਸੀ ਤੇ ਇਹ ਭੀ ਦੱਸਿਆ ਕਿ ਕਿਵੇਂ ਇਹ ਸਾਲ ਤਨਖਾਹਾਂ ਦੇ ਸਮਝੌਤੇ ਦਾ ਸਾਲ ਹੈ। ਬਿੱਲ 19-20 ਦਾ ਜ਼ਿਕਰ ਕੀਤਾ। ਇਹ ਭੀ ਦੱਸਿਆ ਕਿ ਬਹੁਤੇ ਮਸਲੇ ਬੀ ਸੀ ਦੀ ਸਰਕਾਰ ਨੇ ਖੜ੍ਹੇ ਕੀਤੇ ਹੋਏ ਹਨ।

ਉਸ ਨੇ ਪਹਿਲੇ ਭਾਸ਼ਨ ਨਾਲ ਸਹਿਮਤੀ ਜ਼ਾਹਰ ਕੀਤੀ ਕਿ ਕਾਮਿਆਂ ਦੀ ਸਰਕਾਰ ਹੋਣੀ ਚਾਹੀਦੀ ਹੈ। ਉਸਨੇ ਕੁਝ ਸ਼ਰਾਰਤੀ ਬੰਦਿਆਂ ਦੇ ਸਿਰਫ ਚਿੱਟੀ ਚਮੜੀ ਦੀ ਯੂਨੀਅਨ ਦੇ ਵੰਡੇ ਪੈਂਫਲੈਟਾਂ ਦੀ ਕਰੜੀ ਅਲੋਚਨਾ ਕੀਤੀ। ਤੇ ਭਾਰਤੀ ਕਾਮਿਆਂ ਨੂੰ ਬੇਨਤੀ ਕੀਤੀ ਕਿ ਇਸ ਮਸਲੇ ਨੂੰ ਭਾਂਜ ਦੇਣ ਲਈ ਹੱਥ ਵਟਾਉਣ।

Roger Venable ਨੇ Fly. Ash ਤੇ ਭਾਸ਼ਨ ਦਿੱਤਾ ਕਿ ਕਿਵੇਂ ਕੌਂਸਲ ਤੇ ਸਰਕਾਰ ਨੇ ਇਸ ਮਸਲੇ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਹੈ ਤੇ ਈ. ਆਈ. ਡਬਲਿਯੂ. ਏ. ਦਹ ਮਿਲਵਰਤਣ ਲਈ ਧੰਨਵਾਦ ਕੀਤਾ। ਅਗਲਾ ਬੁਲਾਰਾ Dave Manniny ਸੀ ਜੋ ਅੱਜ Labour Council ਦਾ ਪ੍ਰਧਾਨ ਹੈ ਪਰ BCGEU ਦਾ ਨੁਮਾਇੰਦਾ ਹੈ। ਉਸ ਨੇ Privatijation ਦਾ ਸਰਕਾਰੀ ਨੌਕਰੀਆਂ ਤੇ ਕੰਮ ਦੇ ਸਟੈਂਡਰਡ ਤੇ ਅਸਰ ਦਾ ਵਿਸ਼ਲੇਸ਼ਣ ਕੀਤਾ।

ਠੇਕਿਆਂ ਤੇ ਕੰਮ ਦੇਣਾ, ਯੂਨੀਅਨ ਨੂੰ ਬੇ-ਅਸਰ ਕਰਨਾ, ਸੜਕਾਂ-ਪੁਲਾਂ-ਕੈਂਪਾਂ ਦਾ ਕੰਮ ਨਿੱਜੀ ਮਾਲਕਾਂ ਹੱਥ ਦੇ ਕੇ ਕਾਮਿਆਂ ਦੀ ਧੌੜੀ



**ਸ੍ਰੀ ਗੁਰਮੇਲ ਬੈਂਸ ਤੇ ਕਾ: ਭੁੰਗਰਨੀ**

ਲਾਹੁਣੀ ਸਭ ਸਰਕਾਰ ਦੀ ਨੀਤੀ ਹੈ।

ਕੀ ਤੁਹਾਨੂੰ ਅਜੇਹੀ ਸਰਕਾਰ ਚਾਹੀਦੀ ਹੈ ?

ਸ਼ਹੀਦਾਂ ਨੂੰ 15 ਸੈਕਿੰਟ ਵਾਸਤੇ ਚੁੱਪ ਰਹਿਕੇ ਖੜ੍ਹੇ ਹੋ ਕੇ ਸ਼ਰਧਾਂਜਲੀ ਪੇਸ਼ ਕੀਤੀ ਗਈ।

ਦੋ ਰੇਜ਼ੂਲੇਸ਼ਨ ਪਾਸ ਹੋਏ। ਅੱਜ ਦੀ ਮੀਟਿੰਗ (ੳ) ਧਾਰਾ 59 ਦੀ ਸੋਧ ਜਿਸ ਰਾਹੀਂ ਐਮਰਜੈਂਸੀ ਤਿੰਨ ਸਾਲ ਲਈ ਲਾਈ ਜਾ ਸਕਦੀ ਹੈ ਦਾ ਵਿਰੋਧ ਕਰਦੀ ਹੈ (ਅ) ਲੋਕਾਂ ਨੂੰ ਕਾਨੂੰਨੀ ਤੌਰ ਤੇ ਨਿਪਟਣ ਦੀ ਬਜਾਏ ਗੋਲੀਆਂ ਦਾ ਨਿਸ਼ਾਨਾ ਬਣਾਉਣ ਲਈ ਸਰਕਾਰ ਦੀ ਤੇ ਅਤਿਵਾਦੀ-ਵੱਖਵਾਦੀਆਂ, ਕਤਲੋਗਾਰਤ ਦੀ ਨਿਖੇਧੀ ਕਰਦੀ ਹੈ।

ਪੰਜਾਬੀ ਹਿੱਸੇ ਦਾ ਆਰੰਭ ਗੁਰਦੇਵ ਸਿੰਘ ਪੂੰਨੀ ਹੋਰੀਂ ਗੀਤ ਰਾਹੀਂ ਕੀਤਾ।

ਕਾਮਰੇਡ ਅਜੀਤ ਸਿੰਘ ਅਣਖੀ ਹੋਰੀਂ ਪੰਜਾਬ ਦੇ ਹਾਲਾਤ ਤੇ ਚਾਨਣਾ ਪਾਇਆ ਤੇ ਦੋਹਾਂ ਧਿਰਾਂ ਵਿਚ ਕਾਲਖਾਂ ਦੇ ਵਣਜਾਰਿਆਂ ਨੂੰ ਵੰਗਾਰਿਆ। ਹਿੰਦੂ-ਸਿੱਖ ਏਕਤਾ ਦੀ ਗੱਲ ਕੀਤੀ ਤੇ ਦੱਸਿਆ ਇਤਿਹਾਸਕ ਤੌਰ ਤੇ ਅਸੀਂ ਕਿਵੇਂ ਇਕੱਠੇ ਰਹੇ ਹਾਂ। ਮਦਨ ਲਾਲ ਢੀਂਗਰੇ, ਸੁਖਦੇਵ ਰਾਜਗੁਰੂ ਗੁਰੂਆਂ ਦੇ ਸੁਨੇਹੇ ਦਾ ਚੇਤਾ ਕਰਵਾਇਆ।

ਹਰਭਜਨ ਮਾਨ/ਗੁਰਸੇਵਕ ਦੀ ਪਾਰਟੀ ਨੇ ਤਾਂ ਸਿਆਸਤ-ਧਰਮ, ਬਾਬਾ ਤੇਰੀ ਨਗਰੀ ਵਰਗੇ ਗੀਤ ਗਾ ਕੇ ਅਨੰਦ ਬੰਨ੍ਹ ਦਿੱਤਾ। ਪੈਸੇ ਦੇਣ ਵਾਲਿਆਂ ਭੀ ਜਾਣੋਂ ਨ੍ਹੇਰੀ ਲਿਆ ਦਿੱਤੀ।

ਕਾਮਰੇਡ ਜਰਨੈਲ ਸਿੰਘ ਭੁੰਗਰਨੀ ਹੋਰੀਂ ਪੰਜਾਬ ਦੇ ਹਾਲਾਤ, ਧਾਰਾ ਦੀ ਤਰਮੀਮ, ਸਾਡੇ ਐਥੇ ਫਰਜ਼ ਗੁਰੂਆਂ ਦੀ ਸਿੱਖਿਆ ਤੇ ਉਨ੍ਹਾਂ ਦੇ ਉਚੇ ਚਰਿਤਰਾਂ ਬਾਰੇ ਦੱਸਿਆ। ਉਨ੍ਹਾਂ 1857 ਦੇ ਗਦਰ ਬਾਰੇ ਦੱਸਿਆ ਕਿਵੇਂ 'ਜ਼ੱਫਰ' ਨੂੰ ਗੱਦੀ ਤੇ ਬਿਠਾਇਆ ਤੇ ਮਾਂਡਲੇ ਦੀ ਜੇਲ੍ਹ ਤੱਕ ਦਾ ਹਾਲ ਦੱਸਿਆ। ਪੰਜਾਬ ਦੇ ਰਾਜਿਆਂ ਦੀ ਗੱਲ ਦੱਸੀ।

ਔਰੰਗਜ਼ੇਬ ਵੱਲ ਗੁਰੂ ਗੋਬਿੰਦ ਦੇ ਜ਼ਫਰਨਾਮੇ ਦਾ ਜ਼ਿਕਰ ਕੀਤਾ।

ਬਾਕੀ ਸਫ਼ਾ 15 ਉਤੇ


PAUL'S
PLUMBING, ELECTRICAL
& HEATING SUPPLY





4774 MAIN ST. AT 32ND Vancouver
PH. 872-3118, 872-7227
OPEN SUNDAYS

Plumbing & Bathroom
Fixtures & Supplies
Hot Water Tanks

Hot Water Heating
& Supplies
And Instalations

# TRU FOODS DISTRIBUTORS LTD.

**Specializing in Health Foods**

**Vitamins ■ Herbs and all East Indian Foods**

PROPRITER **Mander Brothers**

**Tele.(604) 584-7011**

**10705 — King George Hwy Surrey, B.C. V3T 2X6 ● 10053 — 136 A St. Surrey, B.C. V3T 4G1**



# Sunshine Paving Ltd.

## FREE Estimates

## Nick Dehal

**Call Any Time**

Langley 534-7762
Abbotsford 850-1363
Maple Ridge 463-9773



For all your real-estate needs



**Experienced Realtor In Surrey Specialising in Custom-built New Houses**

## GARY SANGHERA

**Office: 588-9955**

**Lakeview Realty Ltd.**
10732 King George Hwy. Surrey.



# ਜਗਦੀਸ਼ ਸਿੰਘ ਬੀ. ਏ. ਐਲ. ਐਲ. ਬੀ. (ਪੰ: ਯੂ:)

## ਨੋਟਰੀ ਪਬਲਿਕ

* ਘਰ ਜਾਂ ਜ਼ਮੀਨ ਖਰੀਦਣ, ਵੇਚਣ ਲਈ ਜਾਂ ਮੌਡਗੇਜ਼ ਲੈਣ ਲਈ ਜਾਂ ਕੈਂਸਲ ਕਰਨਾ ਆਦਿ ਦੇ ਕਾਗਜ਼ਾਤ ਤਿਆਰ ਕਰਨਾ ਤੇ ਰਜਿਸਟਰੀ ਕਰਵਾਉਣ
* ਡੇਕਲਾਰੇਸ਼ਨ, ਰਾਹਦਾਰੀ, ਐਗਰੀਮੈਂਟਸ, ਨਾਂ ਦੀ ਤਬਦੀਲੀ ਟਰਾਂਸਲੇਸ਼ਨ ਆਦਿ ।

**Ph.& 324-6727 Office**
**324-4160 (Res.)**

(ਦਫਤਰ ਸ਼ਨਿਚਰਵਾਰ ਵੀ ਖੁੱਲ੍ਹਦਾ ਹੈ



ਜਗਦੀਸ਼ ਸਿੰਘ [ B A., L L.B (Pb. Uni.)]
(ਸਾਬਕਾ ਐਡਵੋਕੇਟ ਪੰਜਾਬ. ਹਾਈ ਕੋਰਟ)

## ਇਮੀਗਰੇਸ਼ਨ ਸਲਾਹਕਾਰ

* ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ
* Adoption - ਭਾਰਤ ਤੋਂ ਬੱਚੇ ਗੋਦ ਲੈਣਾ ਤੇ ਉਹਨਾਂ ਦੀ ਇਮੀਗਰੇਸ਼ਨ
* ਇਮੀਗਰੇਸ਼ਨ ਦੇ ਆਮ ਮਸਲੇ
* ਭਾਰਤੀ ਕਾਨੂੰਨਾਂ ਬਾਰੇ ਸਲਾਹ

*ਵਰਕਜ਼ ਕੰਪਨਸੇਸ਼ਨ ਕੇਸਾਂ ਬਾਰੇ

ਦਫਤਰ ਦਾ ਐਡਰੈਸ

**Suite 201-2001 E. 36 Ave.)**
(At Victoria De.)
Vancouver, B.C. V5P 1C9.
ਸਮਾਂ-9 a.m. -5 p.m.

*ਨਿਸ਼ਾਨਾ :*

—ਭੀਰ ਅੰਦਾਜ਼
ਅਨ: ਐਸ. ਮਲੂਕ

# ਖੱਤ ਪ੍ਰਧਾਨ ਮੰਤਰੀ ਦੇ ਨਾਂ

ਲਿਖ ਤੁਮ ਮੁਹੱਲਾ ਕਮੇਟੀ ਅਗੇ ਮਿਲੇ ਪ੍ਰਧਾਨ ਮੰਤਰੀ ਤੇ ਇੰਕਾ ਪ੍ਰਧਾਨ ਰਾਜੀਵ ਬਾਈ ਨੂੰ। ਮੁਹੱਲਾ ਕਮੇਟੀ ਵਲੋਂ ਜੇ ਹਿੰਦ ਜੀ। ਅਗੇ ਸਮਾਚਾਰ ਇਹ ਹੈ ਕਿ ਮੁਹੱਲਾ ਕਮੇਟੀ ਅੱਜ ਕਲ ਕਾਫੀ ਪ੍ਰੇਸ਼ਾਨ ਹੈ। ਗੱਲ ਇਹ ਹੈ ਜੀ ਕਿ ਤੁਸੀਂ ਤਾਂ ਮਦਰਾਸ ਵਿਚ ਫੁਰਮਾਨ ਜਾਰੀ ਕਰ ਦਿਤਾ ਕਿ ਗਰੀਬੀ ਦੇ ਨਾਲ ਨਾਲ ਹੁਣ ਬੇਰੁਜ਼ਗਾਰੀ ਵੀ ਖਤਮ ਕਰਨੀ ਹੈ। ਪਰ, ਮੁਸੀਬਤ ਵਿਚ ਅਸੀਂ ਲੋਕ ਪੈ ਗਏ। ਗਰੀਬੀ ਹਟਾਉਣ ਦੀ ਸਾਨੂੰ ਕਾਫੀ ਪ੍ਰੈਕਟਸ ਹੋ ਗਈ ਸੀ, ਕਿਉਂਕਿ ਇੰਦਰਾ ਜੀ ਦੇ ਜ਼ਮਾਨੇ ਤੋਂ ਅਸੀਂ ਗਰੀਬੀ ਹੀ ਹਟਾਉਂਦੇ ਚਲੇ ਆ ਰਹੇ ਹਾਂ ਤੇ ਅਗਲੀਆਂ ਕਈ ਪੁਸ਼ਤਾਂ ਤਕ ਹਟਾਉਂਦੇ ਰਹਿੰਦੇ। ਲੋਕ ਵੀ ਇਹ ਮੰਨ ਕੇ ਚਲ ਰਹੇ ਹਨ ਕਿ ਅਸੀਂ ਗਰੀਬੀ ਖਤਮ ਕਰ ਰਹੇ ਹਾਂ। ਲੋਕ ਦੇਖ ਵੀ ਰਹੇ ਸਨ ਕਿ ਗਰੀਬੀ ਖਤਮ ਹੋ ਰਹੀ ਹੈ। ਵਿਰੋਧੀ ਪਾਰਟੀਆਂ ਵਲੋਂ ਔਖੇ ਭਾਰੇ ਹੋਣ ਦੇ ਬਾਵਜੂਦ ਅੱਜ ਹਾਲਤ ਇਹ ਹੈ ਕਿ ਮੁਹੱਲਾ ਕਮੇਟੀ ਵਿਚ ਕੋਈ ਗਰੀਬ ਨਹੀਂ ਰਹਿ ਗਿਆ। ਪਰ ਇਹ ਬੇਰੁਜ਼ਗਾਰੀ ਵਾਲਾ ਸਿਅਪਾ ਤੁਸੀਂ ਖਾਹ-ਮਖਾਹ ਛੇੜ ਲਿਆ।

ਤੁਸੀਂ ਖੁਦ ਤਾਂ ਸੋਚਦੇ ਨਹੀਂ, ਸਲਾਹਕਾਰਾਂ ਨੇ ਜੋ ਪੱਟੀ ਦਿਤੀ, ਮੰਨ ਲੈਂਦੇ ਹੋ। ਬੇਕਾਰੀ ਖਤਮ ਕਰਨਾ ਇਨਾਂ ਅਸਾਨ ਹੈ ਕੀ! ਹੁਣ ਤੁਸੀਂ ਸਾਡੀ ਇਥੋਂ ਦੀ ਹਾਲਤ ਹੀ ਦੇਖੋ, ਉਹ ਨਾਕੇ ਵਾਲੇ ਠੇਕੇ ਦਾ ਝਗੜਾ ਅਜ ਤਕ ਨਹੀਂ ਸੁਲਝਿਆ। ਪ੍ਰਧਾਨ ਤੁਫੈਲ ਸਿੰਘ ਤੋਂ ਲੈ ਕੇ ਸੇਵਾਦਲਦੇ ਅਮੀਰ ਚੰਦ ਜੀ ਤੱਕ ਸਭ ਦੇ ਸਭ ਉਸ ਠੇਕੇ ਦੇ ਚੱਕਰ ਵਿਚ ਹਨ। ਸਭ ਦੇ ਘਰਾਂ ਵਿਚ ਬੇਰੁਜ਼ਗਾਰ ਪੁਤਰ ਹਨ। ਪਰ, ਠੇਕਾ ਤਾਂ ਕਿਸੇ ਕਿ ਨੂੰ ਹੀ ਮਿਲੇਗਾ ਨਾ। ਬਾਕੀ ਦੇ ਕੀ ਕਰਨਗੇ? ਤੇ ਉਪਰੋਂ ਤੁਸੀਂ ਬੇਰੁਜ਼ਗਾਰੀ ਖਤਮ ਕਰਨ ਦਾ ਨਾਹਰਾ ਦੇ ਦਿਤਾ। ਛੋਟੀ ਜਿਹੀ ਥਾਂ ਹੈ, ਕੋਈ ਦਿੱਲੀ, ਬੰਬਈ, ਲਖਨਊ, ਭੋਪਾਲ ਤਾਂ ਹੈ ਨਹੀਂ ਕਿ ਇਕ ਦੋ ਪੁੱਤਰ ਨੂੰ ਇਥੇ ਫਿਟ ਕਰ ਦਿਓ। ਅਤੇ ਇਸ ਤਰਾਂ, ਸਾਰੇ ਵਰਕਰਾਂ ਦੇ ਧੀਆਂ-ਪੁਤਰਾਂ ਦੀ ਬੇਰੁਜ਼ਗਾਰੀ ਦੂਰ ਕਰ ਦਿਓ।

ਸੇਠ ਤਾਰਾ ਚੰਦ ਇਸ ਨਾਹਰੇ ਤੋਂ ਬਹੁਤ ਨਰਾਜ਼ ਹਨ। ਕਲ ਕਹਿ ਰਹੇ ਸਨ, ਪਤਾ ਨਹੀਂ ਰਾਜੀਵ ਬਾਈ ਨੂੰ ਹੋ ਕੀ ਗਿਆ ਹੈ। ਇਕ ਪਾਸੇ ਤਾਂ ਨਵੀਆਂ ਨਵੀਆਂ ਮਸ਼ੀਨਾਂ ਲਗਾਕੇ ਪੈਦਾਵਾਰ ਵਧਾਉਣ ਨੂੰ ਕਹਿ ਰਹੇ ਹਨ ਤੇ ਦੂਜੇ ਪਾਸੇ ਬੇਕਾਰੀ ਦੂਰ ਕਰਨ ਨੂੰ ਵੀ ਕਹਿ ਰਹੇ ਹਨ। ਇਸ ਤਰਾਂ ਕਿਵੇਂ ਚਲੇਗਾ? ਉਨ੍ਹਾਂ ਨੇ ਆਪਣੀ ਮਿਲ ਵਿਚ ਨਵੀਆਂ ਮਸ਼ੀਨਾਂ ਲਗਾਕੇ ਅਧੇ ਤੋਂ ਵਧ ਮਜ਼ਦੂਰਾਂ ਨੂੰ ਕਢ ਵੀ ਦਿਤਾ ਹੈ। ਤੁਹਾਨੂੰ ਯਾਦ ਹੋਵੇਗਾ, ਪਿਛਲੇ ਦਿਨੀਂ ਅਸੀਂ ਤੁਹਾਨੂੰ ਦਸਿਆ ਵੀ ਸੀ ਕਿ ਕਿਸ ਤਰਾਂ ਮੁਹੱਲਾ ਕਮੇਟੀ ਵਾਲਿਆਂ ਨੇ ਪੁਲਸ ਨਾਲ ਮਿਲ ਕੇ ਉਹਨਾਂ ਦੀ ਮਿੱਲ ਦੇ ਮਜ਼ਦੂਰਾਂ ਦੇ ਹੋਸ਼ ਟਿਕਾਣੇ ਲਗਾਏ ਸਨ। ਗੱਲ ਇਹ ਹੈ ਜੀ ਕਿ ਕਰਾਂਗੇ ਤਾਂ ਅਸੀ ਉਹ ਹੀ, ਜੋ ਤੁਸੀਂ ਕਹੋਗੇ, ਪਰ ਆਪ ਨੂੰ ਬੇਨਤੀ ਹੈ ਕਿ ਇਸ ਤਰਾਂ ਦੇ ਨਾਹਰੇ ਨਾ ਲਗਾਓ ਕਿ ਅਸੀਂ ਕੁਝ ਕਰਨ ਜੋਗੇ ਹੀ ਨਾ ਰਹਿ ਜਾਈਏ।

ਹੁਣ ਤੁਹਾਨੂੰ ਕੀ, ਤੁਸੀਂ ਤਾਂ ਕਲ ਨੂੰ ਮਹਿੰਗਾਈ ਹਟਾਉਣ ਦਾ ਨਾਹਰਾ ਵੀ ਲਗਾ ਦਿਓਗੇ। ਕਿਸੇ ਦੀਆਂ ਗੱਲਾਂ ਵਿਚ ਆ ਕੇ ਭ੍ਰਿਸ਼ਟਾਚਾਰ ਹਟਾਓ ਦਾ ਨਾਹਰਾ ਵੀ ਲਗਾ ਦਿਓ। ਕਿਸ ਤਰਾਂ ਖਤਮ ਹੋਵੇਗਾ ਭ੍ਰਿਸ਼ਟਾਚਾਰ! ਇਹ ਭ੍ਰਿਸ਼ਟਾਚਾਰ ਹੈ ਕਿਥੇ, ਜੋ ਖਤਮ ਹੋਵੇਗਾ! ਆਪਸੀ ਲੈਣ ਦੇਣ ਦਾ ਮਾਮਲਾ ਜੇ ਇਸ ਤਰਾਂ ਸ਼ਰੇਆਮ ਉਛਲਣ ਲਗਾ, ਤਾਂ ਦੁਨੀਆਂ ਦਾ ਕਾਰੋਬਾਰ ਕਿਸ ਤਰਾਂ ਚਲੇਗਾ ਜੀ? ਤੁਸੀਂ ਖੁਦ ਹੀ ਸਮਝਦੇ ਹੋ ਕਿ ਆਪਸੀ ਕਰਾਰ ਵਿਚ ਭ੍ਰਿਸ਼ਟਾਚਾਰ ਕੇਹਾ!

ਹਾਂ ਜੀ, ਇਹ ਸੀ. ਏ. ਜੀ. ਕੀ ਚੀਜ਼ ਹੈ, ਜਿਸ ਨੇ ਪਣ ਡੁੱਬੀ ਵਾਲੇ ਮਾਮਲੇ ਨੂੰ ਫਿਰ ਤੋਂ ਉਛਾਲ ਦਿਤਾ! ਕੀ ਸੀ. ਏ. ਜੀ. ਆਪਣੇ ਸ਼ੰਕਰਾਨੰਦ ਨਾਲੋਂ ਵੀ ਕੋਈ ਉਚੀ ਚੀਜ਼ ਹੈ, ਜੋ ਇਸ ਤਰਾਂ ਦੀ ਰਿਪੋਰਟ ਲਿਖਣ ਦੀ ਹਿੰਮਤ ਕਰ ਬੈਠਾ ਕਿ ਦਬਿਆ-ਦਬਾਇਆ ਮਾਮਲਾ ਫਿਰ ਉਛਲ ਗਿਆ? ਇਹ ਸੀ. ਏ. ਜੀ. ਰਾਜਾ ਸਾਹਿਬ ਦਾ ਆਦਮੀ ਤਾਂ ਨਹੀਂ ਹੈ? ਤੁਸੀਂ ਵੀ ਪਤਾ ਨਹੀਂ ਕੀ ਕਰਦੇ ਹੋ ਜੀ, ਸੀ. ਏ. ਜੀ. ਦਿੱਲੀ ਵਿਚ ਬੈਠਾ-ਬੈਠਾ ਪੱਣ-ਡੁੱਬੀ ਸੌਦੇ ਦੇ ਮਾਮਲੇ ਵਿਚ ਸਰਕਾਰ ਦੇ ਵਿਰੁੱਧ ਰਿਪੋਰਟ ਲਿਖਦਾ ਰਿਹਾ ਤੇ ਤੁਹਾਨੂੰ ਪਤਾ ਤਕ ਨਹੀਂ ਲਗਿਆ। ਵਿਰੋਧੀ ਪਾਰਟੀ ਵਾਲਿਆਂ ਨੂੰ ਫਿਰ ਮੌਕਾ ਮਿਲ ਗਿਆ ਹੈ। ਇਸ ਨੂੰ ਨਿਕਾਲ ਬਾਹਰ ਕਰੋ ਜੀ। ਅਤੇ ਇਸ ਅਰੁਣ ਸਿੰਘ ਜੀ ਨੂੰ ਕੀ ਹੋ ਗਿਆ ਹੈ, ਜੋ ਬੋਫਰਜ਼ ਦੇ ਮਾਮਲੇ ਵਿਚ ਸ਼ੰਕਰਾਨੰਦ ਦੇ ਕੀਤੇ ਕਰਾਏ ਤੇ ਪਾਣੀ ਫੇਰ ਰਿਹਾ ਹੈ। ਤੁਸੀਂ ਉਸ ਨੂੰ ਪੁਛੋ ਤਾਂ ਸਹੀ ਕਿ ਪਾਲਟੀ ਦੇ ਆਦਮੀ ਹੁੰਦੇ ਵੀ ਉਹਨਾਂ ਨੇ 64 ਕਰੋੜ ਦਾ ਮਾਮਲਾ ਫਿਰ ਕਿਉਂ ਉਠਾ ਦਿਤਾ। ਘਰ ਅੰਦਰ ਹੀ ਅਜਿਹੇ ਆਦਮੀ ਮੌਜੂਦ ਹੋਣ, ਤਾਂ ਵਿਰੋਧੀਆਂ ਨੂੰ ਕੀ ਕਿਹਾ ਜਾਵੇ?

ਉਧਰ ਇਕ ਪੰਡਤ ਕਮਲਾਪਤੀ ਜੀ ਹਨ। ਹੋਰ ਕੁਝ ਨਹੀਂ, ਸੁਝਿਆ ਤਾਂ ਆਪਣੀ ਜੀਵਨੀ ਹੀ ਲਿਖ ਮਾਰੀ। ਤੁਸੀਂ ਅਤੇ ਬੂਟਾ ਸਿੰਘ ਜੀ ਨੇ ਤਾਂ ਇੰਨੀ ਮਿਹਨਤ ਕਰਕੇ ਸੰਵਿਧਾਨ ਵਿਚ 59ਵੀਂ ਸੋਧ ਕਰਵਾਈ, ਤਾਂ ਕਿ ਪਾਲਟੀ ਫਿਰ ਐਮਰਜੈਂਸੀ ਲਗਾ ਸਕੇ ਅਤੇ ਤ੍ਰਿਪਾਠੀ ਜੀ ਕਹਿੰਦੇ ਹਨ ਕਿ 1975 ਵਿਚ ਐਮਰਜੈਂਸੀ ਲਗ ਕੇ ਇੰਦਰਾ ਜੀ ਨੇ ਚੰਗਾ ਨਹੀਂ ਕੀਤਾ। ਹੋਰ ਤਾਂ ਹੋਰ ਸੁਣਿਆ ਹੈ, ਤ੍ਰਿਪਾਠੀ ਜੀ ਨੇ ਆਪਣੀ ਆਤਮ ਕਥਾ ਵਿਚ ਇਹ ਵੀ ਲਿਖਿਆ ਹੈ ਕਿ ਇੰਦਰਾ ਜੀ ਵਿਚ ਸਭ ਤਾਕਤਾਂ ਦਾ ਕੇਂਦਰੀ-ਕਰਨ ਕਰਨ ਦੀ ਬੜੀ ਭੁੱਖ ਸੀ ਅਤੇ ਉਹਨਾਂ ਦੀ ਇਹ ਭੁੱਖ ਦੇਸ਼ ਅਤੇ ਪਾਲਟੀ ਨੂੰ ਨੁਕਸਾਨ ਦੇਹ ਸਾਬਤ ਹੋਈ। ਜਦੋਂ ਤ੍ਰਿਪਾਠੀ ਜੀ ਕਹਿੰਦੇ ਹਨ ਕਿ ਵਰਕਿੰਗ ਕਮੇਟੀ ਤੋਂ ਲੈ ਕੇ ਬਲਾਕ ਪੱਧਰ ਤਕ ਪਾਰਟੀ ਦੇ ਸਭ ਅਹੁਦੇਦਾਰ ਉਪਰ ਤੋਂ ਹੀ ਨਾਮਜ਼ਦ ਹੋ ਰਹੇ ਹਨ, ਜੋ ਗਲਤ ਹੈ। ਪਰ ਜਦੋਂ ਉਹਨਾ ਨੂੰ ਕਾਰਜਕਾਰੀ ਪ੍ਰਧਾਨ ਨਾਮਜ਼ਦ ਕੀਤਾ ਗਿਆ, ਉਦੋਂ ਉਹਨਾਂ ਨੇ ਕਿਉਂ ਨਹੀਂ ਕਿਹਾ ਕਿ ਮੈਂ ਉਪਰ ਤੋਂ ਠੋਸਿਆ ਹੋਇਆ ਕਾਰਜਕਾਰੀ ਪ੍ਰਧਾਨ ਨਹੀਂ ਬਣੂੰਗਾ? ਉਦੋਂ ਤਾਂ ਫੱਟ ਲੱਪਕ ਲਈ ਸੀ ਕੁਰਸੀ ਅਤੇ ਹੁਣ ਕਹਿੰਦੇ ਹਨ, ਸਭ ਗਲਤ ਹੋ ਰਿਹਾ ਹੈ। ਉਹਨਾਂ ਨੂੰ ਪੁਛੋ ਕਿ ਆਖਰ ਉਹ ਚਾਹੁੰਦੇ ਕੀ ਹਨ! ਖੈਰ ਇਹ ਸਭ ਤਾਂ ਚਲਦਾ ਹੀ ਰਹੇਗਾ ਜੀ, ਪਰ ਇੰਨਾ ਧਿਆਨ ਜ਼ਰੂਰ ਰਖਣਾ ਕਿ ਅਗੋਂ ਤੋਂ ਅਜਿਹੇ ਨਾਹਰੇ ਮੱਤ ਦੇਣੇ, ਜੋ ਖੁਦ ਸਾਡੇ ਹੀ ਗਲ ਪੈ ਜਾਣ। ਬੇਕਾਰੀ ਖਤਮ ਕਰਨ ਦਾ ਨਾਹਰਾ ਦੇਣ ਦੀ ਅਜੇ ਕੀ ਜਲਦੀ ਸੀ! ਅਜੇ ਤਾਂ ਵਿਰੋਧੀ ਪਾਰਟੀ ਵਾਲਿਆਂ ਦੀਆਂ ਕਈ ਸਰਕਾਰਾਂ ਤੋੜਨ ਦਾ ਕੰਮ ਪਿਆ ਹੋਇਆ ਹੈ। ਪਾਰਲੀਮੈਂਟ ਵਿਚ ਅੱਜ ਵੀ ਵਿਰੋਧੀ ਪਾਲਟੀ ਵਾਲੇ ਕਾਫੀ ਹਨ, ਜੋ ਚੋਣ ਤਕ ਜਿਤ ਕੇ ਆ ਜਾਂਦੇ ਹਨ, ਉਹਨਾਂ ਨੂੰ ਹਰਾਉਣ ਤਕ ਦਾ ਕੰਮ ਪਿਆ ਹੋਇਆ ਹੈ। ਸੀ. ਏ. ਜੀ. ਵਰਗੇ ਪਤਾ ਨਹੀਂ ਘਰ ਦੇ ਭੇਦੀ ਕਿੰਨੇ ਅਫਸਰ ਅਜ ਪਏ ਹੋਏ ਹਨ, ਉਹਨਾਂ ਨੂੰ ਚਲਦੇ ਕਰਨ ਦਾ ਕੰਮ ਪਿਆ ਹੋਇਆ ਹੈ। ਤਾਮਿਲਨਾਡੂ ਵਿਚ ਪਾਲਟੀ ਵਾਲੇ ਪਿਛਲੇ 20 ਸਾਲਾਂ ਤੋਂ ਗੱਦੀ ਨੂੰ ਤਰਸ ਰਹੇ ਹਨ, ਜਦੋਂ ਕਿ 12 ਸਾਲਾਂ ਵਿਚ ਤਾਂ ਰੂੜੀ ਤਕ ਦੇ ਦਿਨ ਵੀ ਫਿਰ ਜਾਂਦੇ ਹਨ। ਸੋ, ਉਹਨਾਂ ਦੇ ਦਿਨ ਫਿਰਾਉਣ ਦਾ ਕੰਮ ਪਿਆ ਹੋਇਆ ਹੈ। ਇਹ ਸਭ ਹੋ ਜਾਂਦਾ ਤਾਂ ਬੇਕਾਰੀ ਨੂੰ ਵੀ ਵੇਖਿਆ ਜਾਂਦਾ। ਬਾਕੀ ਤੁਸੀਂ ਜਾਣੋ।

ਬਾਕੀ ਸਭ ਠੀਕ ਹੈ। ਜੇ ਹਿੰਦ ਜੀ।

# ਇਕ ਰਿਪੋਰਟ

ਸਾਥੋਂ ਸਦਾ ਲਈ ਵਿਛੜ ਗਏ ਪ੍ਰਸਿੱਧ ਪੰਜਾਬੀ ਕਵੀ ਅਵਤਾਰ ਪਾਸ਼ ਅਤੇ ਜੈਮਲ ਪੱਡਾ ਨੂੰ ਸ਼ਰਧਾਂਜਲੀ ਅਰਪਤ ਕਰਨ ਲਈ ਲੋਕ ਸਭਿਆਚਾਰਕ ਮੰਚ ਕੈਲਗਰੀ ਵਲੋਂ ਇਕ ਸ਼ੋਕ ਮੀਟਿੰਗ ਕੀਤੀ ਗਈ ਜਿਸ ਵਿਚ ਮੰਚ ਦੇ ਮੈਂਬਰ ਸਾਥੀਆਂ ਅਤੇ ਹੋਰਨਾਂ ਸੁਹਿਰਦ ਪੰਜਾਬੀਆਂ ਤੋਂ ਇਲਾਵਾ United Taxi Drivers Association of Southern Alberta ਦੇ ਪ੍ਰਧਾਨ ਸਾਥੀ ਗੁਰਨਾਮ ਢਿਲਵਾਂ ਅਤੇ ਕੈਲਗਰੀ ਵਿਚ ਨਵੀਂ ਜਥੇਬੰਦ ਹੋਈ ਟਰੇਡ ਯੂਨੀਅਨ ਦੇ ਆਗੂ ਸਾਥੀ ਮਨਜੀਤ ਧਾਲੀਵਾਲ ਨੇ ਵੀ ਹਿੱਸਾ ਲਿਆ।

ਮੰਚ ਦੇ ਬੁਲਾਰਿਆਂ ਨੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਤ ਕਰਦਿਆਂ ਹੋਇਆਂ ਉਨ੍ਹਾਂ ਦੀ ਸੰਗਰਾਮੀ ਜ਼ਿੰਦਗੀ ਬਾਰੇ ਚਾਨਣਾ ਪਾਇਆ ਅਤੇ ਉਨ੍ਹਾਂ ਦੇ ਸਦੀਵੀ ਵਿਛੋੜੇ ਸਦਕਾ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਪਏ ਵੱਡੇ ਨੁਕਸਾਨ ਦਾ ਅਹਿਸਾਸ ਕਰਵਾਇਆ। ਮੰਚ ਦੀ ਗਾਇਕ ਟੀਮ ਨੇ ਸ਼ਹੀਦ ਕਵੀਆਂ ਦੀ ਯਾਦ ਵਿਚ ਉਨ੍ਹਾਂ ਦੀ ਲਿਖੀ ਕਵਿਤਾ ਅਤੇ ਗੀਤ ਬੋਲ ਕੇ ਸੁਣਾਏ। ਇਕੱਤਰ ਹੋਏ ਸਾਰੇ ਸਾਥੀਆਂ ਨੇ ਇਨ੍ਹਾਂ ਅਫਸੋਸਨਾਕ ਕਤਲਾਂ ਤੇ ਅਥਾਹ ਦੁਖ ਦਾ ਇਜ਼ਹਾਰ ਕੀਤਾ ਅਤੇ ਇਨ੍ਹਾਂ ਦੀ ਰਖੇਲ ਫਿਰਕਾਪ੍ਰਸਤ, ਜਰਾਇਮ ਪੇਸ਼ਾ ਬਦਮਾਸ਼ ਕਾਤਲਾਂ ਅਤੇ ਇਨ੍ਹਾਂ ਦੀ ਰਖੇਲ

ਕੇਂਦਰੀ ਹਕੂਮਤ ਦੇ ਖਿਲਾਫ ਰੋਹ ਦਾ ਪ੍ਰਗਟਾ ਕੀਤਾ। ਇਸ ਸੰਬੰਧੀ ਇਕ ਮਤਾ ਵੀ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਸ਼ਾਮਲ ਹੋਏ ਇਕ ਸਾਥੀ ਨੇ ਇਹ ਵੀ ਕਿਹਾ ਕਿ ਜਿਥੇ ਸਾਨੂੰ ਸਥਾਨਕ ਮਜ਼ਦੂਰ ਪੱਖੀ ਤੇ ਜਮਹੂਰੀ ਸੰਘਰਸ਼ਾਂ 'ਚ ਹਿੱਸਾ ਲੈਣਾ ਚਾਹੀਦਾ ਹੈ ਉਥੇ ਵਤਨ ਨੂੰ ਸਰਗਰਮ ਇਨਕਲਾਬੀ ਜਮਹੂਰੀ ਸ਼ਕਤੀਆਂ ਦੀ ਪੂਰੇ ਤਨ ਮਨ ਧਨ ਨਾਲ ਮਦਦ ਕਰਨੀ ਚਾਹੀਦੀ ਹੈ। ਕੁਝ ਲੋਕਾਂ ਦੀ ਇਹ ਧਾਰਨਾ ਕਿ ਸਾਨੂੰ ਸਿਰਫ ਸਥਾਨਕ ਘੋਲਾਂ ਤਕ ਹੀ ਸੀਮਤ ਰਹਿਣਾ ਚਾਹੀਦਾ ਹੈ ਅਤੇ ਵਤਨ ਬਾਰੇ ਅਸੀਂ ਬਾਹਲਾ ਕੁਝ ਨਹੀਂ ਕਰ ਸਕਦੇ, ਬਿਲਕੁਲ ਗਲਤ ਸਾਬਤ ਹੋਈ ਹੈ। ਅੱਜ ਸੱਜ-ਪਿਛਾਖੜ ਅਤੇ ਫਾਸਿਸ਼ਟ ਖਾਲਿਸਤਾਨ ਜਿਹੀਆਂ ਧਾਰਮਕ ਮੁੜ-ਸੁਰਜੀਤੀ 'ਲਹਿਰਾਂ' ਵਿਚ ਬਾਹਰ ਵਸਦੇ ਸਜ-ਪਿਛਾਖੜ ਦਾ ਮਹੱਤਵ-ਪੂਰਣ ਅਤੇ ਵਧਵਾਂ ਹੱਥ ਸਾਫ ਨਜ਼ਰ ਆਉਂਦਾ ਹੈ। ਜੇ ਇਥੇ ਬੈਠੇ ਪਿਛਾਖੜੀ ਅਜਿਹਾ ਕੁਕਰਮ ਕਰਕੇ ਪੰਜਾਬ ਦੀ ਸਿਆਸਤ ਵਿਚ ਇੰਨੇ ਅਸਰਅੰਦਾਜ਼ ਹੋ ਸਕਦੇ ਹਨ ਤਾਂ ਅਸਾਡਾ ਜਮਹੂਰੀ ਅਤੇ ਵਿਗਿਆਨਕ ਇਨਕਲਾਬੀ ਸੋਚ ਨਾਲ ਸਹਿਮਤ ਸੁਹਿਰਦ ਪੰਜਾਬੀਆਂ ਦਾ ਵੀ ਇਹ ਫਰਜ਼ ਬਣ ਜਾਂਦਾ ਹੈ ਕਿ ਅਸੀਂ ਦੇਸ਼ 'ਚ ਸਰਗਰਮ ਇਨਕਲਾਬੀ/ਜਮਹੂਰੀ ਸ਼ਕਤੀਆਂ ਦਾ ਪੂਰੀ ਤਨ ਦੇਹੀ ਨਾਲ ਮੱਦਦ ਕਰੀਏ।

ਇਸ ਤੋਂ ਇਲਾਵਾ ਸੰਮੂਹ ਸਾਥੀਆਂ ਨੇ ਕੈਲਗਰੀ ਸ਼ਹਿਰ ਵਿਚ ਇਨਕਲਾਬੀ/ਜਮਹੂਰੀ ਸ਼ਕਤੀਆਂ ਵਲੋਂ ਇਕ ਸਾਂਝਾ ਥੜਾ ਉਸਾਰਨ ਅਤੇ ਕਮਿਊਨਿਟੀ ਦੇ ਮਸਲਿਆਂ ਵਿਚ ਜਥੇਬੰਦਕ ਢੰਗ ਨਾਲ ਉਸਾਰੂ ਦਖਲ ਅੰਦਾਜ਼ੀ ਦੀ ਲੋੜ ਦਾ ਇਜ਼ਹਾਰ ਕੀਤਾ। ਇਸ ਬਾਬਤ ਠੋਸ ਅਮਲੀ ਕਦਮ ਚੁਕਣ ਵਾਸਤੇ ਅਗਲਾ ਪ੍ਰੋਗਰਾਮ ਵੀ ਉਲੀਕਿਆ ਗਿਆ।

ਵਲੋਂ : ਹ. ਸਿੰਘ

# ਪ੍ਰੈਸ ਬਿਆਨ

ਪਿਛਲੇ ਸਮੇਂ ਵਿਚ ਸਾਹਿਤਕ ਅਤੇ ਸਭਿਆਚਾਰਕ ਹਲਕਿਆਂ ਵਿਚ ਬਹੁਤ ਹੀ ਅਫਸੋਸਨਾਕ ਅਤੇ ਦੁਖਦਾਈ ਖਬਰਾਂ ਸੁਣਨ ਨੂੰ ਮਿਲੀਆਂ ਹਨ। ਸੰਗਰਾਮੀ ਅਤੇ ਜਮਹੂਰੀ ਕਵੀ (ਅਵਤਾਰ) ਪਾਸ਼ ਅਤੇ ਜੈਮਲ ਪੱਡਾ ਸਾਥੋਂ ਸਦਾ ਲਈ ਵਿਛੜ ਜਾਣਾ ਪੰਜਾਬੀ ਸਾਹਿਤ ਅਤੇ ਸਭਿਆਚਾਰ ਲਈ ਕਦੇ ਨਾ ਪੂਰਾ ਕੀਤਾ ਜਾ ਸਕਣ ਵਾਲਾ ਘਾਟਾ ਹੈ। ਜਿੰਨਾਂ ਕਾਲੀਆਂ ਸ਼ਕਤੀਆਂ ਨੇ ਇਹ ਦੋਵੇਂ ਮਾਂ ਬੋਲੀ ਦੇ ਹੋਣਹਾਰ ਸਪੂਤ ਖੋ ਲਏ ਹਨ ਉਹ ਅਵੱਸ਼ ਹੀ ਪੰਜਾਬੀਅਤ ਦੀਆਂ (ਖਤਰਨਾਕ) ਦੁਸ਼ਮਣ ਸ਼ਕਤੀਆਂ ਹਨ। ਅਸੀਂ ਪੰਜਾਬੀਅਤ ਦੇ ਹਿਤੂ ਸਮੂਹ ਅਵਾਮ ਨੂੰ ਇਹਨਾਂ ਲੋਕ ਦੋਖੀ ਕਲਮੂੰਹਿਆਂ (ਫਿਰਕਾਪ੍ਰਸਤ ਬਦਮਾਸ਼ਾਂ) ਤੋਂ ਸੁਚੇਤ ਰਹਿਣ ਅਤੇ ਇਨਾਂ ਨੂੰ ਦੁਰਕਾਰਨ ਦੀ ਪੁਰਜ਼ੋਰ ਅਪੀਲ ਕਰਦੇ ਹਾਂ।

ਦਰਅਸਲ ਗਰੀਬ ਦੇ ਹੱਕ ਅਤੇ ਸੱਚ ਦੀ ਖਾਤਰ ਜੂਝਦੇ ਰਹੇ ਸ਼ਾਨਾ-ਮਤੇ ਸਿਖ ਇਤਿਹਾਸਕ ਵਿਰਸੇ ਦੇ ਮੂੰਹ ਤੇ ਕਾਲਖ ਫੇਰਨ ਦਾ ਦੁਰਕਾਰਾ ਕਰਨ ਤੇ ਤੁਲੇ ਹੋਏ ਇਨ੍ਹਾਂ ਮਸੰਦਾਂ ਦੀ ਔਲਾਦ ਨੇ 'ਕੱਖਾਂ ਦੀ ਕੁੱਲੀ' ਅਤੇ 'ਸੱਚ ਦੇ ਸੰਗਰਾਮ' ਦੇ ਕਵੀਆਂ ਨੂੰ ਕਤਲ ਕਰਕੇ ਆਪਦੀ ਅਸਲੀਅਤ ਨੰਗੀ ਕੀਤੀ ਹੈ। ਸਰਕਾਰ ਵੀ ਇਨਕਲਾਬੀ/ਜਮਹੂਰੀ ਹਸਤੀਆਂ ਤੇ ਝਪਟਣ ਲਈ ਇਨਾਂ ਹਨੇਰ-ਕਿਰਤੀ ਬਘਿਆੜਾਂ ਨੂੰ ਸ਼ਸ਼ਕਾਰ ਰਹੀ ਹੈ ਤੇ ਇਨਾਂ ਦੀਆਂ ਸੰਗਲੀਆਂ ਢਿਲੀਆਂ ਛੱਡ ਰਹੀ ਹੈ। ਉਹ ਇੰਜ ਕਰੇ ਵੀ ਕਿਉਂ ਨਾ ਹਾਕਮ ਜਮਾਤ ਚੰਗੀ ਤਰ੍ਹਾਂ ਜਾਣਦੀ ਹੈ ਕਿ ਉਸਦੇ ਅਸਲ ਦੁਸ਼ਮਣ ਇਨਕਲਾਬੀ/ਜਮਹੂਰੀ ਸ਼ਕਤੀਆਂ ਹੀ ਹਨ। ਅਸਲ ਵਿਚ ਕਾਂਗਰਸ ਸਰਕਾਰ ਅਤੇ ਇਸੇ ਸਰਕਾਰ ਦੀ ਹੀ ਪੈਦਾਵਾਰ ਖਾਲਿਸਤਾਨੀ, ਦੋਵੇਂ ਕਮਿਊਨਿਸਟ ਇਨਕਲਾਬੀਆਂ ਨੂੰ ਮਾਰ ਮੁਕਾਉਣ ਦੀ ਸਾਜ਼ਸ਼ ਵਿਚ ਚੋਰ ਤੇ ਕੁੱਤੀ ਰਲੇ ਹੋਏ ਹਨ।

ਖਾਲਿਸਤਾਨੀ ਸਾਜ਼ਸ਼ ਪਿਛੇ ਕੰਮ ਕਰਦਾ ਸਾਮਰਾਜੀ ਹੱਥ ਵੀ ਹੁਣ ਕਿਸੇ ਕੋਲੋਂ ਲੁਕਿਆ ਛੁਪਿਆ ਨਹੀਂ। ਕਿਸੇ ਵੀ ਤਰ੍ਹਾਂ ਦੀ ਸੋਚ ਜਾਂ ਫਿਲਾਸਫੀ ਜਾਂ ਧਰਮ ਨਾਲ ਸਹਿਮਤ/ਅਸਹਿਮਤ ਹੋਣਾ ਜਾਂ ਧਾਰਨੀ ਹੋਣਾ ਹਰ ਇਨਸਾਨ ਦਾ ਨਿੱਜੀ, ਮੁਢਲਾ ਤੇ ਜਮਹੂਰੀ ਹੱਕ ਹੁੰਦਾ ਹੈ। ਪਰ ਸਭ ਤੋਂ ਵੱਡਾ ਸਾਮਰਾਜੀ ਮੁਲਕ ਅਮਰੀਕਾ ਜਿਥੇ ਆਪਣੀਆਂ ਹੱਦਾਂ ਅੰਦਰ ਕਮਿਊਨਿਸਟ/ਸੋਸ਼ਲਿਸਟ ਖਿਆਲਾਂ ਦੇ ਧਾਰਨੀ ਹੋਣ ਤੇ ਜਾਬਰ ਕਾਨੂੰਨੀ ਰੋਕਾਂ ਲਾਉਂਦਾ ਹੈ ਉਥੇ ਤੀਜੀ ਦੁਨੀਆਂ ਦੇ ਦੇਸ਼ਾਂ ਅੰਦਰ ਮਣਾਂ ਮੂੰਹੀ ਹਥਿਆਰ ਅਤੇ ਲੁਟਦੇ ਮਾਲ 'ਚੋਂ ਅੰਨ੍ਹਾ ਪੈਸਾ ਖਰਚ ਕਰਕੇ ਪਾਲਤੂ ਗੁੰਡਿਆਂ ਤੇ ਬਦਮਾਸ਼ਾਂ ਦੀਆਂ (ਪੰਜਾਬ ਵਿਚ ਖਾਲਿਸਤਾਨੀਆਂ ਜਿਹੀਆਂ) ਸੈਨਾਵਾਂ ਹੱਥੋਂ ਕਮਿਊਨਿਸਟ ਇਨਕਲਾਬੀਆਂ ਦੇ ਕਤਲ ਕਰਵਾਉਂਦਾ ਹੈ। ਭਿੰਡਰਾਂ ਵਾਲੇ ਨੇ ਐਵੇਂ ਸੁਤੇ ਸਿਧ ਹੀ ਕਮਿਊਨਿਸਟਾਂ ਨੂੰ ਆਪਦੇ 'ਤਿੰਨ ਮੁੱਖ ਦੁਸ਼ਮਣਾਂ ਵਿਚੋਂ ਇਕ' ਨਹੀਂ ਸੀ ਗਰਦਾਨਿਆ।

ਇਸੇ ਸਾਮਰਾਜੀ ਨੀਤੀ ਦੇ ਸਦਕਾ ਹਾਲ ਵਿਚ ਹੀ ਪੰਜਾਬ ਵਿਚ ਸੁਮੀਤ, ਅਰਜਨ ਸਿੰਘ ਮਸਤਾਨਾ, ਦਰਸ਼ਨ ਸਿੰਘ ਕਨੇਡੀਅਨ, ਦੀਪਕ ਧਵਨ, ਰਤਨ ਪਟਵਾਰੀ, ਚਨਣ ਸਿੰਘ ਧੂਤ, ਬਲਦੇਵ ਮਾਨ, ਸਤਿਬੀਰ ਸੱਤਾ ਵਰਗੇ ਅਨੇਕ ਕਮਿਊਨਿਸਟ ਵਰਕਰ ਦਹਿਸ਼ਤਗਰਦਾਂ ਨੇ ਸ਼ਹੀਦ ਕੀਤੇ ਹਨ।


ਲੇਕ ਵੀਊ ਰੀਅਲਿਟੀ ਦੇ ਭਰੋਸੇਯੋਗ ਰੀਅਲ ਇਸਟੇਟ

ਕੇ. ਐਸ.(ਕਾਲ) ਬਾਸੀ

L/R

LAKEVIEW REALTY LTD.
7909 Scott Road,
Delta, B.C. V4C 6P6



ਤੁਹਾਡੀ ਹਰ ਪ੍ਰਕਾਰ ਦੀ ਜਾਇਦਾਦ, ਘਰ ਆਦਿ ਖਰੀਦਣ ਵੇਚਣ ਵਿਚ ਸਹਾਇਤਾ ਕਰ ਸਕਦੇ ਹਨ

Bus:
ਫ਼ੋਨ : 590-3231

K.S. (KAL) BASSI

SANTORIA PIZZA

13979-16TH AVE.
IN THE NICHOL PLAZA

DELIVERY AFTER
4:30 p.m.

OPEN 7 DAYS A WEEK

OPEN HOURS

| | |
|---|---|
| MON. TO THUR. | 4:00 P.M. - 12:00 A.M. |
| FRI. & SAT. | 4:00 P.M. - 1:00 A.M. |
| SUN. & HOL. | 4:00 P.M. - 10:00 P.M. |

FREE FAST DELIVERY
on minimum orders of $6.00

CALL 531-2772

2 FOR 1
PICK-UP & DELIVERY
FREE DELIVERY

VISA MasterCard

# ਗ਼ਜ਼ਲ

## ਇਕਵਿੰਦਰ ਸਿੰਘ

ਲਬਾਂ 'ਤੇ ਮੁਸਕਰਾਹਟ ਹੈ ਦਿਲਾਂ ਵਿਚ ਦੂਰੀਆਂ ਬਣੀਆਂ ।
ਅਜੋਕੇ ਦੌਰ ਵਿਚ ਯਾਰੋ ਇਹ ਕੀ ਮਜਬੂਰੀਆਂ ਬਣੀਆਂ ?

ਕਿਲ੍ਹੇ-ਬੰਦੀ ਜਿਹੀ ਘਰ-ਘਰ, ਕਿਸੇ ਨੂੰ ਕੀ ਮਿਲੇ ਕੋਈ,
ਕਿਵੇਂ ਦੁਸਤਕ ਦੀ ਹੀ ਦੂਰੀ 'ਚ ਵੀ ਮਜਬੂਰੀਆਂ ਬਣੀਆਂ ।

ਉਨ੍ਹਾਂ ਕਾਵਾਂ ਤੋਂ 'ਇਕਵਿੰਦਰ' ਸੁਨੇਹੇ ਲੋੜੀਦੇ ਹੀ ਕਿਉਂ ?
ਜਿਨ੍ਹਾਂ ਖਾਤਰ ਕਦੇ ਸਾਡੇ ਘਰੀਂ ਨਾ ਚੂਰੀਆਂ ਬਣੀਆਂ ।

ਇੱਛਾ ਸੀ ਛਿਪੇ ਤੁਰ ਜਾਣ ਦੀ ਜਿਨ੍ਹਾਂ ਦੀ 'ਇਕਵਿੰਦਰ',
ਇੱਛਾ ਦੇ ਉਲਟ ਉਨ੍ਹਾਂ ਦੀਆਂ ਮਸ਼ਹੂਰੀਆਂ ਬਣੀਆਂ ।

ਜਿਨ੍ਹਾਂ ਅਨਜਾਣੀਆਂ ਸੜਕਾਂ 'ਤੇ 'ਇਕਵਿੰਦਰ' ਕਦੇ ਤੁਰਿਆ,
ਉਨ੍ਹਾਂ ਸੜਕਾਂ ਦੀਆਂ ਹੀ ਬਾਦ ਵਿਚ ਮਸ਼ਹੂਰੀਆਂ ਬਣੀਆਂ ।



ਅਸੀਂ ਇਨ੍ਹਾਂ ਸਾਮਰਾਜੀ ਇਸ਼ਾਰਿਆਂ ਤੇ ਨੱਚ ਰਹੇ ਗਦਾਰਾਂ, ਜਿਨ੍ਹਾਂ ਪਾਸ਼ ਅਤੇ ਪੱਡਾ ਸਾਥੋਂ ਖੋਹ ਕੇ ਪੰਜਾਬੀਅਤ ਤੇ ਜਮਹੂਰੀਅਤ ਦੀ ਪਿਠ ਤੇ ਵਾਰ ਕੀਤਾ ਹੈ ਨੂੰ ਦੁਰਲਾਹਨਤ ਪਾਉਂਦੇ ਹਾਂ । ਪਾਸ਼ ਅਤੇ ਜੈਮਲ ਪੱਡਾ ਖਤਮ ਨਹੀਂ ਕੀਤੇ ਜਾ ਸਕਦੇ, ਉਹਨਾਂ ਦੇ ਸੰਗਰਾਮੀ ਬੋਲ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀਆਂ ਫਿਜ਼ਾਵਾਂ ਵਿਚ ਹਮੇਸ਼ਾ ਗੂੰਜਦੇ ਰਹਿਣਗੇ ਅਤੇ ਇਹਨਾਂ ਪੰਜਾਬੀਅਤ ਦੇ ਦੁਸ਼ਮਣਾਂ ਦਾ ਮੂੰਹ ਚਿੜਾਉਂਦੇ ਰਹਿਣਗੇ ।

ਸਾਰੇ ਸੁਹਿਰਦ ਪੰਜਾਬੀਆਂ ਅਤੇ ਸਮੂਹ ਇਨਕਲਾਬੀ/ਜਮਹੂਰੀ ਸ਼ਕਤੀਆਂ ਨੂੰ ਇਕ ਮੁੱਠ ਹੋ ਕੇ ਇਹਨਾਂ ਜਰਵਾਣਿਆਂ ਅਤੇ ਸਰਕਾਰੀ ਤਸ਼ੱਦਦ ਦਾ ਮੁਕਾਬਲਾ ਕਰਨਾ ਚਾਹੀਦਾਂ ਹੈ । ਅਸੀਂ ਸਮੂਹ ਪੰਜਾਬੀ ਅਵਾਮ ਨੂੰ ਇਨਕਲਾਬੀ/ਜਮਹੂਰੀ ਸ਼ਕਤੀਆਂ ਦੀ ਹਰ ਪੱਖੋਂ ਮੱਦਦ ਕਰਨ ਦੀ ਅਪੀਲ ਕਰਦੇ ਹਾਂ ।

ਲੋਕ ਸਭਿਆਚਾਰਕ ਮੰਚ ਕੈਲਗਰੀ

JESSIE FABRICS LTD.

ਜੈਸੀ ਫੈਬਰਿਕ ਲਿਮਟਿਡ

ਸ਼ਾਨਦਾਰ ਕਢਾਈ ਵਾਲੇ ਸੂਟ, ਸਿਲਕੀ ਸਾੜ੍ਹੀਆਂ, ਬਣੇ ਬਣਾਏ ਸੂਟ ਅਤੇ ਅਨੇਕਾਂ ਰੰਗਾਂ ਅਤੇ ਡੀਜ਼ਾਈਨਾਂ ਵਿਚ ਹਰ ਤਰ੍ਹਾਂ ਦੇ ਕੱਪੜੇ ਸਾਡੇ ਕੋਲੋਂ ਬਾਜਬ ਕੀਮਤਾਂ 'ਤੇ ਲਵੋ

SPECIALITIES
EMBRODED SUITS, SILK SAREES
READYMADE SUITS & FABRICS

UNIT #1+2, 9305-120th St.
DELTA B.C.
V4C 6R8

JASKANWAL SINGH
Bus. (604) 585-3656
Res. (604) 276-2417

# ਅਮਰੀਕਾ-ਕੈਨੇਡਾ "ਫਰੀ ਟਰੇਡ" ਅਤੇ ਸੋਸ਼ਲ ਪਾਲਸੀ

ਗੁਰਨਾਮ ਸਿੰਘ ਸੰਘੇੜਾ

"ਸਰਮਾਏਦਾਰੀ ਨੇ ਦੁਨੀਆਂ ਦੀ ਮੰਡੀ ਦੀ ਲੁੱਟ ਨਾਲ ਹਰ ਦੇਸ਼ ਦੀ ਪੈਦਾਵਾਰ ਤੇ ਖਪਤ ਨੂੰ ਅੰਤਰ-ਰਾਸ਼ਟਰੀ ਕਰ ਦਿੱਤਾ ਹੈ ਅਤੇ ਉਹਨਾਂ ਦੇਸ਼ਾਂ ਦੀਆਂ ਦਸਤਕਾਰੀਆਂ ਨੂੰ ਨਸ਼ਟ ਕੀਤਾ—" (ਮਾਰਕਸ)। ਅੱਜ ਦੇ ਅਗਾਂਹਵਧੂ ਵਿਚਾਰਵਾਨਾਂ ਦਾ ਖਿਆਲ ਹੈ ਕਿ ਇਸ ਅੰਤਰਰਾਸ਼ਟਰੀਕਰਣ ਅਤੇ ਬਹੁ-ਕੌਮੀ ਕਾਰਪੋਰੇਸ਼ਨਾਂ ਦੇ ਧਨ ਦੀ ਸੱਤਾ ਨੇ ਦੂਜੇ ਦੇਸ਼ਾਂ ਦੀ ਸਿਆਸਤ ਅਤੇ ਸਮਾਜ ਤੇ ਸੰਬੰਧਤ ਨੀਤੀਆਂ ਨੂੰ ਭੀ ਆਪਣੇ ਅਨੁਸਾਰ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ।

ਹੁਣ ਮੋਟੇ ਤੌਰ ਤੇ ਸਵਾਲ ਇਹ ਹੈ ਕਿ ਕੀ ਕੈਨੇਡਾ ਦੇ ਹਰ ਪੱਖ ਦਾ ਅਮਰੀਕਾ ਨਾਲ ਏਕੀ-ਕਰਣ (ਇੰਟੇਗਰੇਸ਼ਨ) ਹੋ ਜਾਏਗੀ ? ਹਾਂ। ਅਤੇ ਇਹ ਏਕੀਕਰਣ ਭੀ ਜ਼ਿਆਦਾ ਕਰਕੇ ਨਾਂਹ ਪੱਖ ਸਾਬਤ ਹੋਵੇਗਾ। ਮੇਰਾ ਵਿਚਾਰ ਹੈ ਕਿ ਕੈਨੇਡੀਅਨ ਸੋਸ਼ਲ ਸਰਵਿਸ ਅਤੇ ਕਈ ਵੈਲਫੇਅਰ ਪ੍ਰੋਗਰਾਮਾਂ ਨੂੰ ਭੀ ਖਤਰਾ ਹੈ। (ਆਰਥਕ ਤੇ ਸਿਆਸੀ ਤੌਰ ਤੇ ਹੈ ਹੀ। ਨਾਲ ਇਸ ਵਿਸ਼ੇ ਤੇ ਅੱਗੇ ਨੂੰ ਕਿਤੇ ਲਿਖਾਂਗਾ)। ਕੈਨੇਡੀਅਨ ਟੈਕਸ, ਸਰਵਿਸਿਜ਼, ਯੂਨੀਵਰਸਲ ਪ੍ਰੋਗਰਾਮ ਜਿਵੇਂ — ਯੂ. ਆਈ. ਸੀ.; ਬੱਚਾ ਜਨਮ ਬਾਰੇ; ਮੈਡੀਕਲ; ਬੱਚਾ ਸੰਭਾਲ (ਡੇਅ ਕੇਅਰ) ਨੂੰ ਭੀ ਖਤਰਾ ਹੈ ਅਤੇ ਇਹਨਾਂ ਸੰਬੰਧ ਅਮਰੀਕਾ ਦਬਾਅ ਭੀ ਪਾਏਗਾ। ਜਿਵੇਂ ਹੁਣ ਦਵਾਈਆਂ ਦੇ ਪੇਟਰਨਾਂ ਸੰਬੰਧੀ ਕੈਨੇਡਾ ਨੇ ਮੰਨ ਹੀ ਲਿਆ ਅਤੇ ਛੇਤੀ ਹੀ ਦੁਆਈਆਂ ਦੀਆਂ ਕੀਮਤਾਂ ਵੇਖੋਗੇ। ਜਦੋਂ ਮੈਂ ਆਖਦਾ ਹਾਂ ਕਿ ਕੈਨੇਡੀਅਨ ਪ੍ਰੋਗਰਾਮਾਂ ਦੀ ਅਮਰੀਕਾ ਨਾਲ ਇਕਸੁਰਤਾ ਕਰਨੀ ਪਵੇਗੀ ਤਾਂ ਭਾਵ ਹੈ ਕਿ ਕਨੇਡਾ ਦੀਆਂ ਸਰਵਿਸਿਜ਼ ਨੂੰ ਘਟਾਇਆ ਜਾਵੇਗਾ ਅਤੇ ਨੀਵੀਂ ਪੱਧਰ ਤੇ ਅਮਰੀਕਾ ਦੇ ਬਰਾਬਰ ਕੀਤਾ ਜਾਏਗਾ। ਅਮਰੀਕਾ ਵਿਚ ਸਮਾਜਿਕ ਸੇਵਾਵਾਂ ਤੇ ਪ੍ਰੋਗਰਾਮ ਬਹੁਤ ਘੱਟ ਤੇ ਮਾੜੇ ਹਨ ਜਾਂ ਹਨ ਹੀ ਨਹੀਂ ਜਿਵੇਂ ਅਮਰੀਕਾ ਵਿਚ ਪ੍ਰਾਈਵੇਟ ਡਾਕਟਰੀ ਹੈ। ਸੋ ਇਹ ਪੱਖ ਬਹੁਤ ਹੀ ਖਤਰਨਾਕ ਹੈ।

(1) ਇਹ ਆਖਿਆ ਗਿਆ ਹੈ ਕਿ ਸੋਸ਼ਲ ਪ੍ਰੋਗਰਾਮਾਂ ਤੇ ਸਰਵਿਸਾਂ ਇਸ ਸਮਝੌਤੇ ਤੋਂ ਬਾਹਰ ਰੱਖੀਆਂ ਗਈਆਂ ਹਨ। ਜਿਵੇਂ ਆਖਿਆ ਗਿਆ ਕਿ ਹੈਲਥ ਵਿਦਿਆ ਆਦਿ ਸਮਝੌਤੇ ਵਿਚ ਨਹੀਂ। (2) ਆਖਦੇ ਹਨ ਕਿ ਕਈ ਚੀਜ਼ਾਂ ਐਕਸਚੇਂਜ ਰਾਹੀਂ ਰਾਖੀ ਕੀਤੀ ਹੈ। ਕਨੇਡਾ ਦੀਆਂ ਸਰਵਿਸਾਂ ਜ਼ਿਆਦਾ ਹਨ ਅਤੇ ਮਹਿੰਗੀਆਂ ਹਨ। ਟੈਕਸ ਜ਼ਿਆਦਾ ਹਨ। ਡਾਲਰ ਦੀ ਕੀਮਤ ਘੱਟ ਹੈ ਅਤੇ ਆਖਦੇ ਹਨ ਕਿ ਕਨੇਡੀਅਨ ਤੇ ਅਮਰੀਕਨ ਡਾਲਰ ਆਪਸ ਵਿਚ ਆਪਣੇ ਆਪ ਠੀਕ ਕਰ ਲੈਣਗੇ। ਪਰ ਇਉਂ ਨਹੀਂ ਹੋਣਾ। (3) ਇਹ ਭੀ ਆਖਿਆ ਹੈ ਕਿ ਕਨੇਡਾ ਦੀ ਆਰਥਕ ਪੈਦਾਵਾਰ ਵਧੇਗੀ। ਪਰ ਇਸ ਦਾ ਕੋਈ ਸਬੂਤ ਨਹੀਂ। ਸਬੂਤ ਇਹ ਹੈ ਕਿ ਸਗੋਂ ਪ੍ਰੋਡਕਸ਼ਨ ਘਟੇਗੀ।

ਅਮਰੀਕਾ ਦੇ ਹੋਰਾਂ ਦੇਸ਼ਾਂ ਨਾਲ ਕਸਟਮ ਤੇ ਟੈਕਸ ਹਨ। ਪਰ ਉਹਨਾਂ ਟੈਕਸਾਂ ਦਾ ਕਨੇਡਾ-ਅਮਰੀਕਾ ਦੇ ਸਮਝੌਤੇ ਨਾਲ ਸੰਬੰਧ ਨਹੀਂ। ਇਹ ਭੀ ਆਖਦੇ ਹਨ ਕਿ ਜੇ ਪੱਛਮੀ ਯੂਰਪ ਦਾ ਕੌਮਨ ਮਾਰਕਿਟ ਦਾ ਸਮਝੌਤਾ ਹੋ ਸਕਦਾ ਹੈ ਤਾਂ ਕਨੇਡਾ-ਅਮਰੀਕਾ ਦਾ ਕਿਉਂ ਨਹੀਂ ਹੋ ਸਕਦਾ। ਇਹ ਭੀ ਆਖਿਆ ਜਾਂਦਾ ਹੈ ਕਿ ਇਹਨਾਂ ਦੋਹਾਂ ਦੇਸ਼ਾਂ ਦੀ ਕਰੰਸੀ ਬੈਂਕ ਅਤੇ ਬਾਕੀ ਪੈਸੇ ਧੇਲੇ ਦੀ ਨੀਤੀ ਨੂੰ ਭੀ ਇਕ ਦੂਜੇ ਦੇ ਨੇੜੇ ਕੀਤਾ ਜਾਵੇਗਾ।

(1) ਪਰ ਇਸ ਦੇ ਉਲਟ ਇਹ ਭੀ ਆਖਿਆ ਜਾ ਸਕਦਾ ਹੈ ਕਿ ਇਸ ਸਮਝੌਤੇ ਦਾ ਅਸਰ ਕਨੇਡਾ ਦੀ ਪ੍ਰਭੂ-ਸੱਤਾ ਦੇ ਵਿਰੁੱਧ ਹੋਵੇਗਾ। ਜਿਵੇਂ 1850 ਵਿਚ ਜਰਮਨੀ ਅਤੇ ਪ੍ਰਸ਼ੀਆ ਦਾ ਆਪਸੀ ਸਮਝੌਤਾ ਹੋਇਆ ਅਤੇ ਪੱਚੀ ਸਾਲ ਦੇ ਅੰਦਰ ਅੰਦਰ ਜਰਮਨੀ ਹੜਪ ਹੋ ਗਈ ਕਿਉਂਕਿ ਪ੍ਰਸ਼ੀਆ ਬਹੁਤ ਭਾਰੂ ਤੇ ਬਹੁਤ ਤਕੜਾ ਸੀ ਜਿਵੇਂ ਅਮਰੀਕਾ ਹੈ। ਪ੍ਰਸ਼ੀਆ ਤੇ ਜਰਮਨੀ ਦਾ ਸਭਿਆਚਾਰ, ਜ਼ਬਾਨ ਅਤੇ ਅਦਾਰੇ ਇਕੋ ਜਿਹੇ ਸਨ ਜਿਵੇਂ ਕਨੇਡਾ ਅਮਰੀਕਾ ਦੇ। ਸੋ ਜਿਵੇਂ ਜਰਮਨੀ ਥੱਲੇ ਲੱਗ ਗਿਆ, ਇਸ ਹੀ ਤਰ੍ਹਾਂ ਕੈਨੇਡਾ ਨਾਲ ਹੋ ਸਕਦੀ ਹੈ।

(2) ਹਵਾਈ ਨੇ 1860 ਵਿਚ ਅਮਰੀਕਾ ਨਾਲ ਫਰੀ ਟਰੇਡ ਆਰੰਭ ਕੀਤੀ। ਹਵਾਈ ਆਪਣੇ ਗੰਨੇ ਤੇ ਖੰਡ ਲਈ ਅਮਰੀਕਾ ਤੋਂ ਗਰੰਟੀ ਚਾਹੁੰਦਾ ਸੀ। ਅਮਰੀਕਾ ਨੇ ਆਖਿਆ, ਇਹ ਗਰੰਟੀ ਹੋ ਸਕਦੀ ਹੈ ਪਰ ਹਵਾਈ ਦੀਆਂ ਬੰਦਰਗਾਹਾਂ ਅਮਰੀਕਾ ਲਈ ਖੁੱਲ੍ਹੀਆਂ ਹੋਣ। ਆਖਰ 1890 ਵਿਚ ਅਮਰੀਕਾ ਨੇ ਹਵਾਈ ਨੂੰ ਬਿਨਾਂ ਉਸ ਦੀ ਸਲਾਹ ਦੇ ਹੀ ਆਪਣੇ ਵਿਚ ਮਿਲਾ ਲਿਆ।

(3) ਨਾਰਵੇ, ਸਵੀਡਨ, ਆਸਟਰੀਆ, ਸਵਿਟਜ਼ਰਲੈਂਡ, ਫਿਨਲੈਂਡ ਤੇ ਆਈਸਲੈਂਡ ਆਦਿ ਦਾ ਸਮਝੌਤਾ ਹੈ। ਉਹਨਾਂ ਦੇ ਕਾਰਪੋਰੇਟ ਅਦਾਰੇ ਇਕੋ ਜਿਹੇ ਹਨ ਪਰ ਉਹਨਾਂ ਦੀ ਜ਼ਬਾਨ ਆਦਿ ਦਾ ਫਰਕ ਹੈ। ਪਰ ਫਿਰ ਭੀ ਉਹਨਾਂ ਦੇਸ਼ਾਂ ਦੇ ਸੋਸ਼ਲ ਪ੍ਰੋਗਰਾਮ ਆਦਿ ਨੂੰ ਇਕ ਦੂਜੇ ਦੇ ਅਨੁਸਾਰੀ ਹੋਣਾ ਪਿਆ। ਪਰ ਉਹਨਾਂ ਦੀਆਂ ਸੋਸ਼ਲ ਸਰਵਿਸਿਜ਼ ਚੰਗੀਆਂ ਸੀ ਜਿਸ ਕਰਕੇ ਸਗੋਂ ਸਟੈਂਡਰਡ ਉਚਾ ਹੋਇਆ। ਪਰ ਇਥੇ ਅਮਰੀਕਾ ਦੀਆਂ ਸੇਵਾਵਾਂ ਮਾੜੀਆਂ ਹਨ ਅਤੇ ਅਮਰੀਕਾ ਤਾਕਤ ਵਿਚ ਤਕੜਾ ਜਿਸ ਕਰਕੇ ਕਨੇਡਾ ਦੀ ਪ੍ਰਭੂ-ਸੱਤਾ ਨੂੰ ਡਰ ਅਤੇ ਸੇਵਾਵਾਂ ਦਾ ਅਮਰੀਕੀ ਪੱਧਰ ਤੇ ਥੱਲੇ ਡਿਗਣ ਦਾ ਜਬਰਦਸਤ ਡਰ ਹੈ।

(4) ਇੰਗਲੈਂਡ, ਆਇਰਲੈਂਡ, ਫਰਾਂਸ, ਜਰਮਨੀ, ਇਟਲੀ ਆਦਿ ਦੇ ਪੱਛਮੀ ਯੂਰਪੀ ਦੇਸ਼ਾਂ ਦਾ ਆਪਸੀ ਆਰਥਕ ਸਮਝੌਤਾ ਹੈ ਜਿਸ ਨੂੰ ਕੌਮਨ-ਮਾਰਕਿਟ ਆਖਦੇ ਹਨ। ਉਹਨਾਂ ਦਾ ਆਪਸੀ ਏਕੀ-ਕਰਣ ਨਹੀਂ ਹੋਇਆ। ਸੋ ਆਖਦੇ ਹਨ ਅਮਰੀਕਾ ਦੀ ਫਰੀ ਟਰੇਡ ਨਾਲ ਕਿਵੇਂ ਖਤਰਾ ਹੈ ਜੇ ਕੌਮਨ ਮਾਰਕਿਟ ਦਾ ਮਾੜਾ ਅਸਰ ਨਹੀਂ ? ਪਰ ਫਰੀ ਟਰੇਡ ਦੇ ਹਾਮੀ ਉਪਰ ਦੀ ਮਿਸਾਲਾਂ ਨੂੰ ਨਜ਼ਰ-ਅੰਦਾਜ਼ ਕਰਦੇ ਹਨ। ਨਾਲ ਹੀ ਕੌਮਨ ਮਾਰਕਿਟ ਦੇਸ਼ਾਂ ਦੀਆਂ ਜ਼ਬਾਨਾਂ, ਸਭਿਆਚਾਰ, ਅਦਾਰੇ, ਟੈਕਸ ਪ੍ਰਬੰਧ ਅਤੇ ਸੋਸ਼ਲ ਸਰਵਿਸ ਵੱਖਰੀਆਂ ਵੱਖਰੀਆਂ ਹਨ। ਨਾਲ ਹੀ ਉਹਨਾਂ ਵਿਚੋਂ ਕੋਈ ਭੀ ਬਹੁਤ ਜ਼ਿਆਦਾ ਤਕੜਾ ਤੇ ਭਾਰੂ ਨਹੀਂ। ਸਗੋਂ ਦੱਖਣੀ ਯੂਰਪੀ ਦੇਸ਼ ਤਾਂ ਉਚੀਆਂ ਸੋਸ਼ਲ ਸੇਵਾਵਾਂ ਦਾ ਵਿਰੋਧ ਕਰਦੇ ਹਨ ਕਿਉਂਕਿ ਇਹਨਾਂ ਦਾ ਖਰਚਾ, ਉਹਨਾਂ ਦੀ ਪਹੁੰਚ ਤੋਂ ਬਾਹਰ ਹੈ।

ਸੋ ਉਪਰ ਦੀਆਂ ਗੱਲਾਂ ਤੋਂ ਡਰ ਹੈ ਕਿ ਕਨੇਡਾ ਦੀਆਂ ਸੇਵਾਵਾਂ ਤੇ ਪ੍ਰਭੂ-


TOOR SPICES

6669 FRASER ST., VANCOUVER, B.C.

PH. 324-3432

ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੌਸਰੀ ਖਰੀਦਣ ਤੇ

ਸਪੈਸ਼ਲ ਡਿਸਕਾਊਂਟ ਹੋਵੇਗਾ

SINGH FOODS

6684 MAIN ST., (AT 51st. AVE.) VANCOUVER, B.C.

PH. 327-4911

ਸੱਤਾ ਨੂੰ ਡਰ ਹੈ। ਕਨੇਡਾ ਦੇ ਧਨੀ ਅਤੇ ਸੱਜ-ਪਿਛਾਖੜੀ ਭੀ ਜ਼ੋਰ ਲਾਉਂਦੇ ਹਨ ਕਿ ਸੋਸ਼ਲ ਸਰਵਿਸ ਤੇ ਵਿਲਫੇਅਰ ਸਟੇਟ ਘਾਟਾ ਪਾਉਂਦੀ ਹੈ। ਕਨੇਡੀਅਨ ਟੋਰੀ ਸਰਕਾਰ ਭੀ ਘਟਾਉਣਾ ਚਾਹੁੰਦੀ ਹੈ। ਅਮਰੀਕਾ ਭੀ ਦਬਾਅ ਪਾਏਗਾ ਕਿ ਉਥੇ ਵਾਂਗ ਹੀ ਸਭ ਕੁਝ ਪ੍ਰਾਈਵੇਟ ਕਰ ਦਿਉ। ਵਪਾਰੀਆਂ, ਦਸਤਕਾਰਾਂ ਆਦਿ ਜ਼ੋਰ ਪਾ ਰਹੇ ਹਨ ਕਿ ਸਰਬ ਵਿਆਪੀ ਸੇਵਾਵਾਂ ਖਤਮ ਕਰੋ। ਅਤੇ ਮੈਕਡੌਨਲਡ ਕਮਿਸ਼ਨ ਨੇ ਭੀ ਇਸ ਤਰ੍ਹਾਂ ਦੀ ਹੀ ਸਿਫਾਰਸ਼ ਕੀਤੀ।

ਬੱਚੇ ਜਨਮ ਸਮੇਂ ਛੁੱਟੀ ਅਤੇ ਬੱਚੇ ਆਦਿ ਦਾ ਅਲਾਉਂਸ ਆਦਿ ਨੂੰ ਖਤਮ ਕਰਨ ਲਈ ਜ਼ੋਰ ਪੈ ਰਿਹਾ ਹੈ। ਟੈਕਸ ਪ੍ਰਬੰਧ ਦਾ ਭੀ ਅਮਰੀਕੀ ਪੱਧਰ ਨਾਲ ਕਰਨ ਲਈ ਭੀ ਕਦਮ ਚੁੱਕਿਆ ਜਾ ਸਕਦਾ ਹੈ। ਉਸ ਨਾਲ ਅਮੀਰਾਂ ਨੂੰ ਹੋਰ ਲਾਭ ਹੋਵੇਗਾ — ਉਹਨਾਂ ਦੇ ਟੈਕਸ ਰੇਟ ਘਟਣਗੇ, ਕਾਰਪੋਰੇਟ ਟੈਕਸ ਘਟਾਏ ਜਾਣਗੇ ਅਤੇ ਹੋਰ ਟੈਕਸ ਛੋਟਾਂ ਪ੍ਰਦਾਨ ਹੋਣਗੀਆਂ। ਇਸ ਨਾਲ ਪਿਨਸ਼ਨ ਲੈਣ ਵਾਲਿਆਂ ਤੇ ਜ਼ਿਆਦਾ ਭਾਰ ਪਵੇਗਾ। 1991 ਤਕ ਪਰਿਵਾਰ ਅਤੇ ਬੱਚਿਆਂ ਦਾ ਅਲਾਉਂਸ ਤੇ ਰਿਆਇਤਾਂ ਘਟਾ ਦਿੱਤੀਆਂ ਜਾਣਗੀਆਂ।

ਕਿਉਂਕਿ ਇਕ ਦੂਜੇ ਦੇਸ਼ ਦੀਆਂ ਕੰਪਨੀਆਂ ਨੂੰ ਆਪਣੇ ਦੇਸ਼ ਵਾਂਗ ਹੀ ਸਮਝਿਆ ਜਾਵੇਗਾ। ਸੋ ਇਸ ਮਦ ਦਾ ਲਾਭ ਭੀ ਅਮੀਰਾਂ ਨੂੰ ਹੀ ਹੋਵੇਗਾ ਅਤੇ ਖਾਸ ਕਰ ਅਮਰੀਕਾ ਦਿਆਂ ਨੂੰ। ਸਮਝੌਤੇ ਦੇ ਚੈਪਟਰ 14 ਵਿਚ ਲਿਖਿਆ ਹੈ ਕਿ ਸਿਹਤ, ਵਿੱਦਿਆ ਅਤੇ ਬੱਚਿਆਂ ਸੰਬੰਧੀ ਸੇਵਾਵਾਂ ਨੂੰ ਸਮਝੌਤੇ ਤੋਂ ਬਾਹਰ ਹਨ (ਕਿਉਂਕਿ ਇਹ ਕਨੇਡਾ ਵਿਚ ਵਧੀਆ ਹਨ) ਪਰ ਜੇ ਕਰ ਜ਼ਮੀਮਾ ਪੜ੍ਹੋ ਤਾਂ ਲਿਖਿਆ ਹੈ ਕਿ ਦਸਤਕਾਰੀ ਕੋਡ ਅਧੀਨ, ਹਸਪਤਾਲ, ਨਰਸਿੰਗ ਸਟੇਸ਼ਨ, ਲੰਮੇ ਸਮੇਂ ਲਈ ਦੇਖ ਭਾਲ, ਅਤੇ ਬੱਚਿਆਂ ਦੇ ਹਸਪਤਾਲ ਆਦਿ ਦਾ ਪ੍ਰਬੰਧ ਇਸ ਸਮਝੌਤੇ ਵਿਚ ਸ਼ਾਮਲ ਹੈ। ਇਥੋਂ ਤੱਕ ਕਿ ਅਪਾਹਜ, ਦਿਮਾਗੀ ਕਮਜ਼ੋਰ ਬੱਚੇ, ਬੱਚੇ ਜਿਹਨਾਂ ਨੂੰ ਦੇਖਭਾਲ ਤੇ ਰਾਖੀ ਦੀ ਲੋੜ ਹੈ, ਆਦਿ ਦਾ ਪ੍ਰਬੰਧ ਸਮਝੌਤੇ ਵਿਚ ਹੈ। ਸੋ ਭਾਵ ਇਹਨਾਂ ਸਭ ਸੇਵਾਵਾਂ ਦੀ ਦੇਖ ਭਾਲ ਲਈ ਅਮਰੀਕੀ ਧਨੀ ਤੇ ਵਪਾਰੀ ਬੋਲੀ ਦੇ ਸਕਦੇ ਅਤੇ ਪ੍ਰਬੰਧ ਕਰਨ ਲਈ ਸ਼ਾਮਲ ਹੋ ਸਕਦੇ ਹਨ।

ਚੈਪਟਰ 19 ਵਿਚ ("ਸਮਝੌਤੇ ਦਾ ਪ੍ਰਬੰਧ") ਸਕਤਰੇਤ ਸਥਾਪਤ ਕੀਤਾ ਹੈ ਅਤੇ ਉਹ ਕਮੇਟੀ ਕਨੇਡਾ ਦੀ ਕਿਸੇ ਭੀ ਕਮੇਟੀ ਵਿਚ ਸ਼ਾਮਲ ਹੋ ਸਕਦੀ ਅਤੇ ਉਸ ਉਪਰ ਬੈਠ ਸਕਦੀ ਹੈ। ਇਥੋਂ ਤੱਕ ਕਿ ਉਹ ਸਕਤਰੇਤ (ਜਿਸ ਉਪਰ ਅਮਰੀਕਨ ਹੋਣਗੇ) ਸਿਰਫ ਕਨੇਡੀਅਨ ਕਮੇਟੀ ਉਪਰ ਹੀ ਨਹੀਂ ਬਲਕਿ ਕਨੇਡਾ ਦੀਆਂ ਸਿਆਸੀ, ਆਰਥਕ ਅਤੇ ਸਮਾਜੀ ਸੇਵਾਵਾਂ ਵਿਚ ਸ਼ਾਮਲ ਹੋ ਸਕਦੇ ਹਨ। ਉਹ ਸਾਂਝੇ ਪ੍ਰੋਗਰਾਮ ਭੀ ਘੜ ਸਕਦੇ ਹਨ ਅਤੇ ਕਿਸੇ ਭੀ ਕਨੇਡੀਅਨ ਨੀਤੀ ਦੀ ਚੀਰ ਫਾੜ ਕਰ ਸਕਦੇ ਤੇ ਘਟਾਉਣ ਜਾਂ ਬਦਲਣ ਲਈ ਆਖ ਸਕਦੇ ਹਨ।

ਚੈਪਟਰ 15 ਦੇ ਅਨੁਸਾਰ ਪ੍ਰੋਫੈਸ਼ਨਲਾਂ ਨੂੰ ਭੀ ਇਕ ਤੋਂ ਦੂਜੇ ਦੇਸ਼ ਵਿਚ ਬਦਲਿਆ ਤੇ ਭੇਜਿਆ ਜਾ ਸਕਦਾ ਹੈ। ਅਜ਼ਾਰੇਦਾਰੀ ਆਪਣੇ ਦਫਤਰ ਭੀ ਦੇਸ਼ ਦੇ ਕਈ ਹਿਸਿਆਂ ਵਿਚ ਖੋਲ੍ਹੇ ਜਾ ਸਕਦੇ ਹਨ। ਸੋ ਇਹ ਬੁਨਿਆਦੀ ਗਲ ਹੈ ਕਿ ਕਨੇਡਾ ਵਾਲੇ ਅਮਰੀਕੀ ਲੋਕਾਂ ਤੇ ਕੰਪਨੀਆਂ ਨੂੰ ਪੂਰੀ ਸਹੂਲਤ ਦੇਣ ਅਤੇ ਲੋੜੀਂਦਾ ਮਾਲ ਤੇ ਕੱਚੀਆਂ ਵਸਤਾਂ ਅਮਰੀਕਾ ਨੂੰ ਦੇਣ। ਸੋ ਇਸ ਸਭ ਦਾ ਸਾਰ-ਅੰਸ਼ ਇਹ ਹੈ ਕਿ ਕਨੇਡਾ ਦੀਆਂ ਲੋਕਾਂ ਨੂੰ ਦਿੱਤੀਆਂ ਸਹੂਲਤਾਂ ਨੂੰ ਘਟਾਇਆ ਅਤੇ ਹੋਰ ਪ੍ਰਾਈਵੇਟ ਕੀਤਾ ਜਾ ਸਕਦਾ ਹੈ ਅਤੇ ਕਨੇਡਾ ਦਾ ਅਮਰੀਕੀ ਢਾਂਚੇ ਅਨੁਸਾਰ ਨੀਵੀਂ ਪੱਧਰ ਤੇ ਕਰਕੇ ਸਮਤੋਲ ਕੀਤਾ ਜਾਏਗਾ। ਜਿਸ ਦਾ ਟੋਟਲ ਅਸਰ ਇਹ ਕਿ ਅਮੀਰਾਂ ਨੂੰ ਲਾਭ, ਗਰੀਬਾਂ ਉਪਰ ਸੱਟ, ਬੇ-ਰੁਜ਼ਗਾਰੀ ਅਤੇ ਸੋਸ਼ਲ ਸਰਵਿਸ ਨੂੰ ਘਟਾਉਣ ਵਲ ਕਦਮ ਪੁਟੇ ਜਾਣਗੇ। ਸੋ ਲੋੜ ਹੈ ਕਿ ਸਮਾਜਿਕ ਸੇਵਾਵਾਂ ਤੇ ਕੰਮਾਂ ਦੇ ਮਸਲੇ ਨੂੰ ਲੈ ਕੇ ਲੋਕਾਂ ਨੂੰ ਇਸ ਮਾਰੂ ਸਮਝੌਤੇ ਵਿਰੁਧ ਲਾਮਬੰਦ ਕੀਤਾ ਜਾਏ।

# ਹਾਲਾਤ ਅਤਿਵਾਦੀਆਂ ਦੇ ਨਿਖੇੜੇ ਹੋਣ ਵੱਲ

**ਸੂਫ਼ੀ ਅਮਰਜੀਤ**

ਪਿਛਲੇ ਦੋ ਤਿੰਨ ਸਾਲਾਂ ਤੋਂ ਅਤਿਵਾਦੀਆਂ ਨੇ ਹਰਿਮੰਦਰ ਸਾਹਿਬ ਸਮੂਹ ਨੂੰ ਆਪਣੀਆਂ ਦੇਸ਼ ਧਰੋਹੀ ਅਤੇ ਕਤਲੋਗਾਰਤ ਦੀਆਂ ਸਰਗਰਮੀਆਂ ਦਾ ਕੇਂਦਰ ਬਣਾ ਰੱਖਿਆ ਸੀ। ਸਮੂਹ ਦੇ ਕਮਰੇ ਜ਼ੁਲਮ-ਸਿਤਮ ਕਰਨ ਲਈ ਵਰਤੇ ਜਾ ਰਹੇ ਸਨ। ਕਈ ਕਮਰਿਆਂ ਵਿਚ ਮੌਤ ਦੀਆਂ ਧਮਕੀਆਂ ਦੇ ਕੇ ਲੱਖਾਂ-ਕਰੋੜਾਂ ਰੁਪਏ ਵਸੂਲੇ ਜਾ ਰਹੇ ਸਨ। ਅਨੇਕਾਂ ਸ਼ਰਧਾਲੂਆਂ ਨੂੰ ਮੌਤ ਦੇ ਭੈ ਨੇ ਹਰਿਮੰਦਰ ਸਾਹਿਬ ਜਾਣ ਤੋਂ ਰੋਕਿਆ ਹੋਇਆ ਸੀ। ਸ਼੍ਰੋਮਣੀ ਕਮੇਟੀ ਬੇਕਾਰ ਹੋ ਕੇ ਰਹਿ ਗਈ ਹੈ। ਉਸ ਦੀ ਸਮਰਥਕਤਾ ਦਾ ਹੁਣ ਕੋਈ ਅਰਥ ਨਹੀਂ ਰਿਹਾ। ਅਕਾਲ ਤਖਤ ਦੇ ਜਥੇਦਾਰ ਜਸਬੀਰ ਸਿੰਘ ਰੋਡੇ ਸਾਮਰਾਜੀ ਸ਼ਹਿ ਉਪਰ ਚਲਣ ਵਾਲੀ ਪੰਥਕ ਕਮੇਟੀ ਅਤੇ ਦੂਜੀਆਂ ਦਹਿਸ਼ਤਗਰਦ ਜਥੇਬੰਦੀਆਂ ਦੇ ਨਾਲ ਸੁਰ ਮਿਲਾ ਕੇ ਕੰਮ ਕਰ ਰਿਹਾ ਸੀ। ਸ੍ਰੀ ਰੋਡੇ ਹਰਿਮੰਦਰ ਸਾਹਿਬ [illegible] ਦਾ ਵਿਖਾਵਾ ਬੰਦ ਕਰਨ, ਟਾਰਚਰ [illegible] ਅਤੇ ਜਬਰੀ ਪੈਸ ਵਸੂਲਨ ਤੋਂ ਰੋਕਣ ਲਈ ਕਈ ਕਾਰਗਰ ਯਤਨ ਕਰਨ ਵਿਚ ਫੇਲ ਹੋਇਆ ਸੀ। ਇਸ ਸਭ ਕੁਝ ਨਾਲ ਪਵਿੱਤਰ ਧਰਮ-ਸਥਾਨ ਦੀ ਪਵਿੱਤਰਤਾ ਬੜੀ ਬੇਰਹਿਮੀ ਨਾਲ ਅਤੇ ਮਨਮਤਿ ਨਾਲ ਭੰਗ ਕੀਤੀ ਜਾ ਚੁਕੀ ਸੀ।

ਬਲੂ ਸਟਾਰ ਅਪਰੇਸ਼ਨ ਤੋਂ ਮਗਰੋਂ, ਮਰਹੂਮ ਇੰਦਰਾ ਗਾਂਧੀ ਦੀ ਹੱਤਿਆ ਤੋਂ ਮਗਰੋਂ ਅਤੇ ਦਿੱਲੀ ਅਤੇ ਹੋਰ ਥਾਵਾਂ ਉਪਰ ਬੇਗੁਨਾਹ ਸਿੱਖ ਲੋਕਾਂ ਦੇ ਦਰਦਨਾਕ ਕਤਲਾਂ ਤੋਂ ਕਿਸੇ ਨੇ ਕੋਈ ਸਬਕ ਨਹੀਂ ਸਿਖਿਆ। ਸਰਕਾਰ ਨੇ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਨਾ ਕਰਕੇ, ਦਿੱਲੀ ਦੰਗਿਆਂ ਦੇ ਕਾਤਲਾਂ ਦੀ ਪੁਸ਼ਤ-ਪਨਾਹੀ ਕਰਕੇ, ਮੁੜ ਤੋਂ ਅਤਿਵਾਦੀਆਂ ਦੀਆਂ ਸਰਗਰਮੀਆਂ ਨੂੰ ਵਧਣ ਫੁੱਲਣ ਵਿਚ ਸਹਾਇਤਾ ਕੀਤੀ। ਕੋਈ ਸਿੱਖ ਧਾਰਮਿਕ ਸੰਸਥਾ ਅਤੇ ਸਮੁੱਚਾ ਸਿੱਖ ਜਨ-ਸਮੂਹ ਅਤਿਵਾਦੀਆਂ ਨੂੰ ਮੁੜ ਤੋਂ ਹਰਿਮੰਦਰ ਸਾਹਿਬ ਨੂੰ ਆਪਣਾ ਅੱਡਾ ਬਣਾਉਣ ਤੋਂ ਰੋਕ ਨਾ ਸਕਿਆ। ਪੰਜਾਬ ਵਿਚ ਜੋ ਲੋਕ ਉਭਾਰ


■ ਸਪੇਸ਼ਲ **GABA TRAVELS (1982) LTD.** ■ ਸਪੇਸ਼ਲ ■

(6612 MAIN ST., VANCOUVER, B.C. V5X 3H2

Tel. (604) 324-3336

KLM



AUTHORIZED AGENTS FOR AIR INDIA

AND NOW WE ARE AUTHORISED

K.L.M. (ROYAL DUTCH AIRLINES)

SPECIAL FARE TO: Delhi, Karachi, Colombo, Singapore, London, Amsterdam

ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੇਸ਼ਲ ਕਿਰਾਏ

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।

ਗੁਰੂ ਨਾਨਕ ਟਰੇਵਲ
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32

TOLL FREE NO.
B. C. & ALBERTA
1—800 663 6696

ASSOCIATED OFFICES IN INDIA:

GABA TRAVELS
(Opposit Friends Theatre)
JALLANDHAR CITY
TEL. 74597

GABA TRAVELS
V.P.O. NURMAHAL
JALLANDHAR
TEL. 49

GABA TRAVELS
NEW DELHI

ਕਮਿਊਨਿਸਟ ਪਾਰਟੀਆਂ ਦੇ ਯਤਨਾਂ ਦੁਆਰਾ ਹਰਕਤ ਵਿਚ ਆਇਆ ਸੀ, ਜਿਸ ਵਿਚ ਬਰਨਾਲਾ ਸਰਕਾਰ ਦਾ ਚੰਗਾ ਸਹਿਯੋਗ ਸੀ, ਨੂੰ ਹਰਿਆਣਾ ਚੋਣਾਂ ਦੀ ਬਲੀ ਦੇਕੇ ਰੋਕਣ ਦੀ ਜ਼ਿਮੇਂਵਾਰੀ, ਕੇਂਦਰੀ ਰਾਜੀਵ ਸਰਕਾਰ ਦੇ ਸਿਰ ਹੀ ਆਉਂਦੀ ਹੈ। ਇਹ ਸਮਝਣਾ ਔਖਾ ਨਹੀਂ ਹੈ ਕਿ ਅਤਿਵਾਦੀ ਸਾਮਰਾਜੀ ਏਜੰਟ ਜੋ ਮੌਡਰਨ ਹਥਿਆਰਾਂ ਨਾਲ ਲੈਸ ਹਨ, ਪੰਜਾਬ ਦੇ ਸਾਰੇ ਲੋਕਾਂ ਉਪਰ ਜਮਰਾਜ ਬਣ ਕੇ ਖੜੇ ਹਨ। ਅਜਿਹੀ ਸਥਿਤੀ ਵਿਚ ਆਮ ਲੋਕ ਤਦ ਹੀ ਹਰਕਤ ਵਿਚ ਆ ਸਕਦੇ ਹਨ ਜੇਕਰ ਪੰਜਾਬ ਸਮੱਸਿਆ ਦਾ ਰਾਜਨੀਤਕ ਹੱਲ ਕਰਕੇ, ਫਿਰ ਅਮਨ ਕਾਨੂੰਨ ਦੇ ਪੱਖੋਂ ਲਿਆ ਜਾਂਦਾ ਤਾਂ ਪੰਜਾਬੀ ਲੋਕਾਂ ਦਾ ਸਜੀਵ ਸਹਿਯੋਗ ਪ੍ਰਾਪਤ ਕਰਨਾ ਔਖਾ ਨਾ ਹੁੰਦਾ। ਕਮਿਊਨਿਸਟ ਪਾਰਟੀਆਂ ਆਪਣੇ ਆਗੂਆਂ ਅਤੇ ਵਰਕਰਾਂ ਦੀ ਕੁਰਬਾਨੀ ਦੇ ਕੇ ਵੱਖਵਾਦੀਆਂ ਦਾ ਜੋ ਡਟ ਕੇ ਵਿਰੋਧ ਨਾ ਕਰ ਰਹੀਆਂ ਹਨ, ਇਹ ਉਸ ਦਾ ਹੀ ਸਦਕਾ ਹੈ ਕਿ ਪੰਜਾਬ ਵਿਚ ਫਿਰਕੂ ਫਸਾਦ ਭੜਕਾਉਣ ਵਿਚ ਵੱਖਵਾਦੀ ਅਸਫਲ ਰਹੇ ਹਨ, ਭਾਵੇਂ ਕਿ ਇਸ ਵਿਚ ਪੰਜਾਬੀ ਲੋਕਾਂ ਦੀਆਂ ਧਰਮ ਨਿਰਪੱਖ-ਮਿਲਵਰਤੋਂ ਦੀਆਂ ਸ਼ਾਨਦਾਰ ਰਵਾਇਤਾਂ ਅਤੇ ਮਹਾਨ ਸ਼ਹੀਦਾਂ ਅਤੇ ਦੇਸ਼ ਭਗਤਾਂ ਦੇ ਜੀਵਨ ਦੇ ਪ੍ਰਭਾਵ ਵੀ ਖਾਸ ਅਰਥ ਰਖਾਉਂਦੇ ਹਨ।

1988 ਚੜ੍ਹਨ ਤੋਂ ਲੈ ਕੇ ਅਤਿਵਾਦੀ-ਵੱਖਵਾਦੀਆਂ, ਜਿਸ ਬੇਰਹਿਮੀ ਨਾਲ ਪੰਜਾਬ ਦੇ ਹਿੰਦ—ਸਿੱਖਾਂ ਦੇ 11 ਸੌ ਤੋਂ ਵੱਧ ਕਤਲ ਕੀਤੇ ਹਨ ਅਤੇ ਟੱਬਰਾਂ ਦੇ ਟੱਬਰ ਸਦਾ ਦੀ ਨੀਂਦ ਸੁਲਾ ਦਿਤੇ ਹਨ, ਤੋਂ ਨਿਸਚੇ ਹੀ ਹਰ ਪੰਜਾਬ ਵਾਸੀ ਡਾਢਾ ਚਿੰਤਾਵਾਨ ਹੈ। ਕਿਸੇ ਨੂੰ ਵੀ ਭਰੋਸਾ ਨਹੀਂ ਹੈ ਕਿ ਕਿਹੜਾ ਕਦੋਂ ਮਾਰ ਦਿੱਤਾ ਜਾਵੇਗਾ। ਇਸ ਦਾ ਪਹਿਲਾ ਅਸਰ ਤਾਂ ਇਹ ਪਿਆ ਕਿ ਪੰਜਾਬ ਦੇ ਲੋਕ ਖਾਸ ਕਰਕੇ ਸਿਖ, ਇਹ ਸਮਝਣ ਅਤੇ ਮੰਨਣ ਦੇ ਕਾਬਲ ਹੋ ਗਏ ਕਿ ਜਿਨ੍ਹਾਂ ਅਤਿਵਾਦੀਆਂ ਖਾਲਿਸਤਾਨੀਆਂ ਨੇ ਹਰਿਮੰਦਰ ਸਾਹਿਬ ਉਪਰ ਹਥਿਆਰਬੰਦ ਕਬਜ਼ਾ ਕੀਤਾ ਹੋਇਆ ਹੈ ਇਹ ਹਰਿਮੰਦਰ ਸਾਹਿਬ ਦਾ ਅਪਮਾਨ ਹੈ, ਇਹ ਸਿੱਖੀ ਅਸੂਲਾਂ ਦੀ ਘੋਰ ਉਲੰਘਣਾ ਹੈ। ਇਨ੍ਹਾਂ ਕਾਬਜ਼ ਅਤਿਵਾਦੀਆਂ ਦਾ ਸਿੱਖੀ ਨਾਲ ਕੋਈ ਵੀ ਸੰਬੰਧ ਨਹੀਂ ਹੈ ਭਾਵੇਂ ਕਿ ਉਨ੍ਹਾਂ ਸਿੱਖੀ ਮਖੌਟੇ ਪਾਏ ਹੋਏ ਹਨ।

ਬੇਸ਼ਕ 1984 ਵੇਲੇ ਵੀ ਹਾਲਤ ਇਹੋ ਹੀ ਸਨ ਪਰ ਉਸ ਸਮੇਂ ਪੰਜਾਬ ਦੇ ਸਿਖ ਲੋਕਾਂ ਨੂੰ, ਇਹ ਤਜਰਬਾ ਨਹੀਂ ਸੀ, ਜੋ ਉਨ੍ਹਾਂ ਪਿਛਲੇ ਸਮੇਂ ਵਿਚ ਪ੍ਰਾਪਤ ਕੀਤਾ ਹੈ। ਇਹੋ ਕਾਰਨ ਹੈ ਕਿ ਇਸ ਬਾਰ ਕੇਂਦਰੀ ਸਰਕਾਰ ਵਲੋਂ ਹਰਿਮੰਦਰ ਸਾਹਿਬ ਦੀ ਘੇਰਾ-ਬੰਦੀ ਕਰਕੇ, ਅੰਦਰ ਲੁਕੇ ਵੱਖਵਾਦੀ-ਅਤਿਵਾਦੀਆਂ ਨੂੰ ਹਥਿਆਰ ਸੁੱਟਣ ਉਪਰ ਜੋ ਐਕਸ਼ਨ ਕੀਤਾ ਗਿਆ, ਉਸ ਦਾ ਪੰਜਾਬ ਵਿਚ ਕਿਧਰੇ ਵੀ ਵਿਰੋਧ ਕਰਨ ਦੀ ਖਬਰ ਨਹੀਂ ਆਈ। ਭਾਵੇਂ ਕਿ ਜਥੇਦਾਰ ਰੋਡੇ, ਬਰਨਾਲਾ ਅਤੇ ਬਾਦਲ ਨੇ ਗ੍ਰਿਫਤਾਰੀਆਂ ਦਿੱਤੀਆਂ ਹਨ, ਜਿਨ੍ਹਾਂ ਬਾਰੇ ਆਮ ਲੋਕਾਂ ਦਾ ਵਿਚਾਰ ਹੈ ਕਿ ਉਨ੍ਹਾਂ ਅਜਿਹਾ ਸਿੱਖਾਂ ਵਿਚ ਆਪਣੀ ਰਾਜਨੀਤਕ ਪ੍ਰਤਿਸ਼ਟਾ ਕਾਇਮ ਰੱਖਣ ਲਈ ਹੀ ਕੀਤਾ ਹੈ।

ਆਮ ਪੰਜਾਬੀ ਸਿੱਖਾਂ ਵਲੋਂ, ਸਰਕਾਰ ਦੀ ਘੇਰਾਬੰਦੀ ਦਾ ਵਿਰੋਧ ਨਾ ਕਰਨ ਦਾ ਸਪਸ਼ਟ ਅਰਥ ਇਹੋ ਹੈ ਕਿ ਲੋਕ ਜਿਸ ਭੈਦਾਇਕ ਹਾਲਤ ਵਿਚ ਜੀਅ ਰਹੇ ਹਨ, ਉਹ ਉਸ ਦਾ ਕਾਰਨ ਹਰਿਮੰਦਰ ਸਮੂਹ ਵਿਚ ਲੁਕੇ ਅਤੇ ਪੰਜਾਬ ਵਿਚ ਆਵਾਰਾ ਫਿਰਦੇ ਕਾਤਲ ਗਰੋਹਾਂ ਪ੍ਰਤੀ ਉਨ੍ਹਾਂ ਦੀ ਡੂੰਘੀ ਨਫਰਤ ਹੈ। ਇਸ ਹਾਲਤ ਦਾ ਅੰਤ ਕਰਨ ਬਾਰੇ ਹਰ ਪੰਜਾਬੀ ਲੋਚਦਾ ਹੈ। ਇਹ ਅੰਤ ਕਿਵੇਂ ਕੀਤਾ ਜਾਏ, ਇਸ ਬਾਰੇ ਵੱਖ ਵੱਖ ਹੱਲ ਸੁਝਾਏ ਜਾ ਸਕਦੇ ਹਨ, ਪ੍ਰਤੂ ਮੁਖ ਇਲਾਜ ਇਹੋ ਹੈ ਕਿ ਪੰਜਾਬ ਸਮੱਸਿਆ ਦਾ ਰਾਜਨੀਤਕ ਹੱਲ ਤੁਰਤ ਕੀਤਾ ਜਾਏ, ਜਿਸ ਦਾ ਆਧਾਰ ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਮੌਜੂਦ ਹੈ।

ਇਹ ਹੋਰ ਵੀ ਅਚੰਭੇ ਵਾਲੀ ਗੱਲ ਜਾਪਦੀ ਹੈ ਕਿ ਹਰਿਮੰਦਰ ਸਾਹਿਬ ਦੀ ਘੇਰਾਬੰਦੀ ਅਤੇ ਵੱਖਵਾਦੀਆਂ ਤੋਂ ਹਥਿਆਰ ਸੁਟਵਾਉਣ ਦੀ ਕਾਰਵਾਈ ਦੇ ਵਿਰੁਧ ਬਦੇਸ਼ਾਂ ਦੇ ਖਾਲਿਸਤਾਨੀ ਅਨਸਰ ਕਿਉਂ ਮੂੰਹ ਨਹੀਂ ਖੋਲ੍ਹ ਸਕੇ ਹਨ। ਇਸ ਦਾ ਵੀ ਇਹੋ ਅਰਥ ਨਿਕਲਦਾ ਹੈ ਕਿ ਕੈਨੇਡਾ, ਇੰਗਲੈਂਡ, ਅਮਰੀਕਾ ਆਦਿ ਦੇ ਖਾਲਿਸਤਾਨੀ ਸਮਰਥਕ ਟੋਲੇ, ਆਮ ਸਿੱਖ ਲੋਕਾਂ ਦੀਆਂ ਹਮਦਰਦੀਆਂ ਗੁਆ ਚੁਕੇ ਹਨ। ਜਿਨ੍ਹਾਂ ਧਰਮ ਦੇ ਨਾਂ ਉਪਰ ਲੋਕਾਂ ਨੂੰ ਗੁੰਮਰਾਹ ਕਰਕੇ ਲੱਖਾਂ ਡਾਲਰ ਬਟੋਰੇ, ਜਿਨ੍ਹਾਂ ਵਿਚੋਂ ਕੁਝ ਲੀਡਰਾਂ ਦੀਆਂ ਜੇਬਾਂ ਵਿਚ ਜਾ ਟਿਕੇ ਹਨ, ਕੁਝ ਅਤਿਵਾਦੀਆਂ ਨੂੰ ਭੇਜੇ ਗਏ ਦੱਸੇ ਜਾਂਦੇ ਹਨ।

ਇਕ ਕਾਰਨ ਇਹ ਵੀ ਹੈ ਕਿ ਬਦੇਸ਼ਾਂ ਵਿਚੋਂ, ਭਾਰਤ ਜਾਣ ਸਮੇਂ ਜਦੋਂ ਲੋਕਾਂ ਨੂੰ ਖਾਲਿਸਤਾਨੀ ਹਮਦਰਦ ਹੋਣ ਉਪਰ ਭਾਰਤੀ ਹਾਈ ਕਮਿਸ਼ਨਰਾਂ ਵਲੋਂ ਵੀਜ਼ਾ ਨਹੀਂ ਦਿੱਤਾ ਜਾਂਦਾ, ਜਾਂ ਨੱਕ ਰਗੜਾ ਕੇ ਦਿੱਤਾ ਜਾਂਦਾ ਹੈ, ਤਾਂ ਲੋਕ ਇਸ ਖਜਾਲਤ ਤੋਂ ਪਰੇ ਹੀ ਰਹਿ ਕੇ ਖੁਸ਼ ਹਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਖਾਲਿਸਤਾਨ ਦੇ ਪੂਰੇ ਸਮਰਥਕ ਤਾਂ ਮੁੱਠੀਭਰ ਹੀ ਹਨ, ਬਹੁਤੇ ਤਾਂ ਧਾਰਮਿਕ ਪ੍ਰਭਾਵਾਂ ਹੇਠ ਹੀ ਇਨ੍ਹਾਂ ਦੇ ਮੁਜ਼ਾਹਰਿਆਂ ਜਲਸਿਆਂ ਵਿਚ ਜਾਣ ਕਾਰਨ ਹੀ ਸਰਕਾਰੀ ਲਿਸਟਾਂ ਵਿਚ ਚੜ੍ਹੇ ਹਨ।

26 ਜਨਵਰੀ 1988 ਨੂੰ ਜਿੰਨ੍ਹਾਂ ਖਾਲਿਸਤਾਨੀਆਂ ਨੇ ਟਰੇਡ ਕਮਿਸ਼ਨਰ ਦੇ ਘਰ ਅਗੇ ਮੁਜ਼ਾਹਰਾ ਕੀਤਾ ਸੀ ਉਹ ਨੌਂ-ਦੋ ਗਿਆਰਾਂ ਹੀ ਸਨ, ਇਹ ਵੀ ਇਨ੍ਹਾਂ ਦਾ ਲੋਕਾਂ ਵਿਚੋਂ ਨਿਖੜ ਜਾਣ ਦਾ ਸਬੂਤ ਹੀ ਹੈ। ਵਡੀ ਚੁੱਪ ਬਹੁ ਗਿਣਤੀ ਜੋ ਕੇਂਦਰ ਸਰਕਾਰ ਵਲੋਂ ਪੰਜਾਬ ਸਮੱਸਿਆ ਦਾ ਰਾਜਨੀਤਕ ਹਲ ਨਾ ਕਰਨ ਲਈ, ਵਿਰੁਧ ਵੀ ਹੈ ਅਤੇ ਖਾਲਿਸਤਾਨ ਦੇ ਔਰੰਗਜ਼ੇਬੀ ਸੰਕਲਪ ਨੂੰ ਪਰਵਾਨ ਕਰਨ ਲਈ ਵੀ ਤਿਆਰ ਨਹੀਂ ਹੈ।

ਇਸ ਸਾਰੇ ਕੁਝ ਦਾ ਅਰਥ ਇਹੋ ਹੀ ਨਿਕਲਦਾ ਹੈ ਕਿ ਖਾਲਿਸਤਾਨ ਦੀ ਦਹਿਸ਼ਤਪਸੰਦ ਲਹਿਰ ਜੋ ਸਾਮਰਾਜੀ ਅਤੇ ਪਾਕਿਸਤਾਨੀ ਸ਼ਹਿ ਉਤੇ ਚਲ ਰਹੀ ਸੀ ਹੁਣ ਆਪਣੇ ਅੰਤ ਹੋਣ ਦੇ ਪੜਾ ਵਲ ਤੇਜ਼ੀ ਨਾਲ ਵਧ ਰਹੀ ਹੈ। ਇਹ ਆਮ ਸਿੱਖਾਂ ਦੀਆਂ ਹਮਦਰਦੀਆਂ ਗੁਆ ਚੁਕੀ ਹੈ। ਬੇਸ਼ਕ ਇਹ ਨਜ਼ਰ ਆ ਰਿਹਾ ਹੈ ਕਿ

ਪੌਪੂਲਰ ਫਰਨੀਚਰ
ਮੈਨੂ. ਲਿਮ:



POPULAR
FURNITURE MFG. LTD.
Phone 596-1216
7935 - 128th Street
Surrey, B.C.

# ਵਿਲੀਅਮਜ਼ਲੇਕ ਦੇ ਸਾਥੀਆਂ ਵਲੋਂ 'ਲੋਕਤਾ' ਤੇ 'ਲੋਕ ਲਹਿਰ' ਲਈ ਸਹਾਇਤਾ

| | | | |
|---|---|---|---|
| ਗੁਰਬਚਨ ਸਿੰਘ ਧਾਲੀਵਾਲ | $50.00 | ਸਰਵਣ ਸਿੰਘ ਗਰੇਵਾਲ | $15.00 |
| ਰਜਿੰਦਰ ਸਿੰਘ ਪੁਰੇਵਾਲ | $100.00 | ਤੀਰਥ ਸਿੰਘ ਸੰਘਾ | $25.00 |
| ਸਤਵੰਤ ਸਿੰਘ ਸੰਧੂ | $50.00 | ਅਰਜਨ ਸਿੰਘ ਬਿਲਖੂ | $25.00 |
| ਸੇਵਾ ਸਿੰਘ ਨਿੱਝਰ | $20.00 | ਜੁਗਿੰਦਰ ਸਿੰਘ ਗਿੱਲ | $20.00 |
| ਸ਼ਿਵਚਰਨ ਸਿੰਘ ਨਿੱਝਰ | $20.00 | ਬਲਦੇਵ ਸਿੰਘ | $50.00 |
| ਰਜਿੰਦਰ ਸਿੰਘ ਪਰਮਾਰ | $50.00 | ਮੁਹਿੰਦਰ ਸਿੰਘ ਪਰਮਾਰ | $25.00 |
| ਗੁਰਤੇਜ ਸਿੰਘ ਧਰੇੜੀ | $10.00 | ਜਾਗੀਰ ਸਿੰਘ ਖੱਖ | $50.00 |
| ਸਵਰਨ ਸਿੰਘ ਵਿਰਕ | $50.00 | ਅਮਰ ਸਿੰਘ ਬਦੇਸ਼ਾ | $20.00 |
| ਹਰਤੇਜ ਸਿੰਘ ਸਹੋਤਾ | $25.00 | ਗੁਰਬਚਨ ਸਿੰਘ ਪਰਮਾਰ | $10.00 |
| ਕੁਲਵਰਨ ਸਿੰਘ | $20.00 | ਗੁਰਦੇਵ ਸਿੰਘ ਪੂੰਨੀ | $115.00 |
| ਰਾਕੇਸ਼ ਸ਼ਰਮਾ | $20.00 | ਲੈਹਿਬਰ ਸਿੰਘ ਮਾਨ | $50.00 |
| ਗੁਰਮੇਲ ਸਿੰਘ ਰਾਏ | $25.00 | ਸਤਵੰਤ ਸਿੰਘ ਨਾਗਰਾ | $110.00 |
| ਹ. ਸ. ਤੂਰ | $50.00 | ਗੁਰਮੇਲ ਸਿੰਘ | $50.00 |
| ਅਮਰਜੀਤ ਸਿੰਘ ਸੰਘੇੜਾ | $50.00 | ਗੁਰਬਖਸ਼ ਸਿੰਘ ਸੈਣੀ | $100.00 |
| ਜਗਤਾਰ ਸਿੰਘ ਢਿੱਲੋਂ | $115.00 | ਤਰਸੇਮ ਸਿੰਘ | $25.00 |
| ਅਵਤਾਰ ਸਿੰਘ ਵਿਰਕ | $25.00 | | |
| ਇੰਦਰਪਾਲ ਸਿੰਘ ਵਿਰਕ | $125.00 | | |
| ਮੱਖਣ ਸਿੰਘ ਸੰਘੇੜਾ | $25.00 | | |
| ਮੋਹਣ ਸਿੰਘ ਜੌਹਲ | $20.00 | | |
| ਰਾਜਿੰਦਰ ਸਿੰਘ ਸੱਨਰ | $50.00 | | |
| ਗਿਆਨ ਸਿੰਘ ਸੱਨਰ | $15.00 | | |
| ਸੁਰਿੰਦਰਪਾਲ ਸਿੰਘ ਰਠੌਰ | $100.00 | | |
| ਮੋਹਣ ਸਿੰਘ ਸੰਘੇੜਾ | $20.00 | | |
| ਬਹਾਦਰ ਸਿੰਘ | $100.00 | | |
| ਮਨੋਹਰ ਸਿੰਘ ਧਾਰੀ | $20.00 | | |

**ਵਿਲੀਅਮਜ਼ਲੇਕ ਦੇ ਉਪਰੋਕਤ ਸਾਰੇ ਸਾਥੀਆਂ ਦਾ ਅਦਾਰਾ ਲੋਕਤਾ ਵਲੋਂ ਬਹੁਤ ਬਹੁਤ ਧੰਨਵਾਦ !**

# ਫਿਰਕਾਪ੍ਰਸਤੀ—ਵਿਰੋਧੀ ਤਰਾਨਾ

*ਬ੍ਰਿਜ ਮੋਹਨ*

ਚਲੋ ਚਲੋ ਦਿਲਾਂ 'ਚ ਜ਼ਖਮ ਲੈ ਕੇ ਵੀ ਚਲੋ ਚਲੋ
ਚਲੋ ਲਹੂ-ਲੁਹਾਣ ਪੈਰ ਲੈ ਕੇ ਵੀ ਚਲੋ ਚਲੋ
ਚਲੋ ਕਿ ਅੱਜ ਸਾਥ ਸਾਥ ਤੁਰਨ ਦੀਆਂ ਜ਼ਰੂਰਤਾਂ
ਚਲੋ ਕਿ ਖਤਮ ਹੋ ਨਾ ਜਾਣ ਜੀਣ ਦੀਆਂ ਹਸਰਤਾਂ

ਜਮੀਨ, ਸੁਪਨ, ਜ਼ਿੰਦਗੀ, ਯਕੀਨ ਸਭ ਵੰਡ ਕੇ
ਉਹ ਲੋਚਦੇ ਕਿ ਬੇਬਸੀ 'ਚ ਆਦਮੀ ਝੁਕਾਏ ਸਿਰ
ਉਹ ਲੋਚਦੇ ਕਿ ਜ਼ਿੰਦਗੀ ਰਹੇ ਰੌਸ਼ਨੀ ਤੋਂ ਬੇਖਬਰ
ਇਕ ਇਕ ਕਰਕੇ ਉਹ ਜਲਾ ਰਹੇ ਨੇ ਹਰ ਸ਼ਹਿਰ
ਜਲੇ ਹੋਏ ਘਰਾਂ ਦੇ ਖਵਾਬ ਲੈ ਕੇ ਵੀ ਚਲੋ, ਚਲੋ

ਉਹ ਲੋਚਦੇ ਨੇ ਵੰਡਣਾ ਦਿਲਾਂ ਦੇ ਸਭ ਵਲਵਲੇ
ਉਹ ਲੋਚਦੇ ਨੇ ਵੰਡਣਾ ਇਹ ਜ਼ਿੰਦਗੀ ਦੇ ਕਾਫਲੇ
ਉਹ ਲੋਚਦੇ ਨੇ ਖਤਮ ਹੋਣ ਆਸ ਦੇ ਇਹ ਸਿਲਸਿਲੇ,
ਉਹ ਲੋਚਦੇ ਨੇ ਡਿੱਗ ਪੈਣ ਲੁੱਟ ਦੇ ਨਾ ਇਹ ਕਿਲ੍ਹੇ,
ਸਵਾਲ ਸਭ ਬਿਨਾਂ ਜਵਾਬ ਲੈ ਕੇ ਵੀ ਚਲੋ, ਚਲੋ,

ਉਹ ਲੋਚਦੇ ਨੇ ਜਾਤੀਆਂ ਤੇ ਬੋਲੀਆਂ ਦੀ ਫੁੱਟ ਰਹੇ,
ਉਹ ਲੋਚਦੇ ਕਿ ਧਰਮ ਨੂੰ ਤਬਾਹੀ ਦੀ ਵੀ ਛੋਟ ਰਹੇ,
ਉਹ ਲੋਚਦੇ ਇਹ ਜ਼ਿੰਦਗੀ ਫਰੇਬ ਅਤੇ ਝੂਠ ਰਹੇ
ਉਹ ਲੋਚਦੇ ਕਿ ਜਿਸ ਤਰਾਂ ਵੀ,ਪਰ ਸਦਾ ਇਹ ਲੁੱਟ ਰਹੇ
ਸਿਰਾਂ 'ਚ ਜੋ ਬਚੀ ਹੈ ਛਾਂ ਉਹ ਲੈ ਕੇ ਵੀ ਚਲੋ, ਚਲੋ,

ਪੰਜਾਬੀ ਰੂਪ—ਹ. ਸ. ਹੁੰਦਲ

**ਹੱਕਾਂ ਦੀ ਰਾਖੀ ਲਈ ਹੱਕਾਂ ਦੀ ਜਾਣਕਾਰੀ ਜ਼ਰੂਰੀ !**

ਕੇਂਦਰ ਸਰਕਾਰ ਇਕ ਵੱਖਵਾਦੀ ਗਰੁੱਪ ਨਾਲ ਸਮਝੌਤਾ ਕਰਕੇ ਪੰਜਾਬ ਸਮੱਸਿਆ ਦਾ ਹੱਲ ਲਭਣ ਦੀ ਤਾਕ ਵਿਚ ਹੈ ਤਾਂ ਜੋ ਨਵੰਬਰ ਵਿਚ ਰਾਸ਼ਟਰਪਤੀ ਰਾਜ ਦੀ ਮਿਆਦ ਪੁੱਗਣ ਤੱਕ ਪੰਜਾਬ ਵਿਚ ਅਮਨ ਬਹਾਲ ਕਰਕੇ, ਲੋਕ ਸਭਾ ਚੋਣਾਂ ਵਿਚ ਜਿੱਤ ਪ੍ਰਾਪਤ ਕਰ ਸਕੇ। ਬੇਸ਼ਕ ਇਹ ਜਿੱਤ ਵੀ ਹਰਿਆਣੇ ਦੀਆਂ ਚੋਣਾਂ ਦੇ ਨਤੀਜਿਆਂ ਤੋਂ ਸ਼ਾਇਦ ਹੀ ਵੱਖਰੀ ਤਰ੍ਹਾਂ ਦੀ ਹੋਵੇ।

ਹੁਣ ਪੰਜਾਬ ਦੀ ਸਥਿਤੀ ਬਾਰੇ ਇਹੋ ਹੀ ਕਿਹਾ ਜਾ ਸਕਦਾ ਹੈ ਪੰਜਾਬ ਦੇ ਹਾਲਾਤ ਅਤਿਵਾਦੀਆਂ ਦਾ ਆਮ ਲੋਕਾਂ ਨਾਲੋਂ ਨਿਖੇੜਾ ਹੋਣ ਵੱਲ ਪਰਤਨ ਦੇ ਰੌਂ ਵਿਚ ਹਨ। ●


# River View Roofing

ਵਧੇਰੇ ਜਾਣਕਾਰੀ ਲਈ ਫ਼ੋਨ ਕਰੋ :



**ਬਿੱਲ (Bill) : 591-8700**

**ਪੇਜਰ : 645-2603**

**River View Roofing**

6716 — King George HWY. SURREY, B.C.

2nd class Mail Reg. No. 6794

Monthly Magazine

The

Lokta

P.O.Box 67534 STN.'O'
VANCOUVER, B.C. V5W 3T9

SHAN SAREES

SHAN SAREES & DRAPERY LTD.

ਪੰਜਾਬੀ ਮਾਰਕਿਟ
ਵਿੱਚ ਆਉਣ ਸਮੇਂ
ਹੋਰ ਛਾਂਗੀਆਂ
ਗਈਆਂ ਕੀਮਤਾਂ
ਤੇ ਨਵੇਂ ਪੁੱਜੇ ਮਾਲ
ਨੂੰ ਦੇਖੇ ਬਗੈਰ ਨਾ
ਜਾਓ!!!

ਪੰਜਾਬੀ ਮਾਰਕੀਟ ਵਿਚ
ਸੂਟ - ਸਾੜ੍ਹੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਕੁਝ ਨਾ ਕੁਝ
ਜ਼ਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ਼੍ਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ
ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ
ਖੁਸ਼ੀ ਮਹਿਸੂਸ ਕਰੇਗਾ।

# ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

6543 MAIN ST. [BETWEEN 49TH. & 50TH.]
VANCOUVER, PH: 321-1955. 321-0847